ਅੰਤਰਰਾਸ਼ਟਰੀ ਮੈਗਜ਼ੀਨ

# ਕਾਵਿ-ਸੰਸਾਰ

**Kav-Sansaar**

International Magazine

ਐਤਵਾਰ, 18 ਜੂਨ 2023

Chief Editor : Verinder Singh Virdi | Email : kavsansaar@gmail.com | Contact : +16043086663,+447944101658, +917009770591



**www. kavsansaar.com**

# ਸੰਪਾਦਕੀ ਮੰਡਲ /Editorial Board


**ਮੁੱਖ-ਸਰਪ੍ਰਸਤ :** ਰਵਿੰਦਰ ਰਵੀ

**Chief Patron :** Ravinder Ravi

**ਸਰਪ੍ਰਸਤ :** ਅਵਤਾਰ ਸਿੰਘ ਵਿਰਦੀ

**Patron :** Avtar Singh Virdi

**ਮੁੱਖ-ਸੰਪਾਦਕ ਤੇ ਸੰਚਾਲਕ :** ਵਰਿੰਦਰ ਸਿੰਘ ਵਿਰਦੀ

**Chief Editor :** Verinder Singh Virdi

**ਸੰਪਾਦਕ : ਰਮਿੰਦਰ ਕੌਰ**

Editor : Raminder Kaur

**ਸਮਾਚਾਰ ਸੰਪਾਦਕ ਤੇ ਬਿਓਰੋ ਚੀਫ਼ :** ਹਰਦਮ ਸਿੰਘ ਮਾਨ

**News Editor & Bureau Chief :** Hardam Singh Mann

**ਸਲਾਹਕਾਰ ਬੋਰਡ :**

- ਮੋਤਾ ਸਿੰਘ ਸਰਾਏ
- ਕੁਲਜੀਤ ਕੌਰ ਗ਼ਜ਼ਲ
- ਨਛੱਤਰ ਭੋਗਲ
- ਮਿਸ ਆਸ਼ਨਾ ਸਿੰਘ
- ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

**Advisory Board :**

- Mota Singh Sarai
- Mrs.Kuljeet Kaur Gazal
- Nachhater Bhogal
- Ms. Aashna Singh
- Bibi Surjeet Kaur Sacramento



ਇਸ ਵਿੱਚ ਛਪੀਆਂ ਰਚਨਾਵਾਂ ਦੇ ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹਨ । ਕਾਵਿ-ਸੰਸਾਰ ਅਦਾਰੇ ਜਾਂ ਸੰਪਾਦਕ ਦਾ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਅਦਾਰਾ ਕਿਸੇ ਵੀ ਲੇਖਕ ਦੀ ਰਚਨਾ ਲਈ ਕਿਸੇ ਵੀ ਤਰ੍ਹਾਂ ਨਾਲ ਜ਼ਿੰਮੇਵਾਰ ਨਹੀਂ ਹੈ।

ਆਪਣੀਆਂ ਮੌਲਿਕ ਰਚਨਾਵਾਂ ਆਪਣੀ ਤਸਵੀਰ ,ਐਡਰੈੱਸ ਤੇ ਫ਼ੋਨ ਨੰਬਰ ਸਮੇਤ ਇਸ ਮੇਲ ਆਈ ਡੀ ਤੇ ਭੇਜ ਸਕਦੇ ਹੋ ।



Email : kavsansaar@gmail.com

**Contact : +16043086663 ,+44 7944 101658, +917009770591**

# ਸਾਰਾਗੜ੍ਹੀ ਦੇ ਸੰਬੰਧ ਵਿਚ ਟੋਰਾਂਟੋ ਪੁੱਜੇ ਬ੍ਰਿਟਿਸ਼ ਡੈਲੀਗੇਸ਼ਨ ਦਾ ਹਾਰਦਿਕ ਸਵਾਗਤ

## ਸਾਰਾਗੜ੍ਹੀ ਯਾਦਗਾਰੀ ਮਿਊਜ਼ੀਅਮ ਅਤੇ ਸਟੇਡੀਅਮ ਉਸਾਰਿਆ ਜਾਵੇਗਾ-ਜੇ.ਮਿਨਹਾਸ

ਸਰੀ, 16 ਜੂਨ (ਹਰਦਮ ਮਾਨ-ਬੀਤੇ ਦਿਨੀਂ ਇੰਗਲੈਂਡ ਤੋਂ ਇਕ ਬ੍ਰਿਟਿਸ਼ ਡੈਲੀਗੇਸ਼ਨ





ਸਾਰਾਗੜ੍ਹੀ ਯੁੱਧ ਦੇ ਸੰਬੰਧ ਵਿਚ ਟੋਰਾਂਟੋ ਵਿਖੇ ਪੁੱਜਿਆ। ਬਿਰਗੇਡੀਅਰ ਜੌਹਨ ਕੈਂਡਲ ਦੀ ਅਗਵਾਈ ਹੇਠ ਆਏ ਇਸ ਡੈਲੀਗੇਸ਼ਨ ਵਿਚ ਬ੍ਰਿਟਿਸ਼ ਆਰਮੀ ਦੇ ਚਾਰ ਪੰਜਾਬੀ ਨੌਜਵਾਨ ਮਨਦੀਪ ਕੌਰ, ਹਰਸ਼ (ਸੈਕਿੰਡ ਲੈਫਟੀਨੈਂਟ), ਚਮਨ ਸੰਧੂ ਤੇ ਅਸ਼ੋਕ ਚੌਹਾਨ ਸ਼ਾਮਲ ਸਨ। ਸਾਰਾਗੜ੍ਹੀ ਫਾਊਂਡੇਸ਼ਨ ਦੇ ਪ੍ਰਧਾਨ ਗੁਰਿੰਦਰਪਾਲ ਸਿੰਘ ਜੋਸਨ, ਮੀਤ



ਪ੍ਰਧਾਨ ਜਤਿੰਦਰ ਜੇ. ਮਿਨਹਾਸ ਅਤੇ ਮੈਂਬਰ ਪਾਰਲੀਮੈਂਟ ਇਕਵਿੰਦਰ ਸਿੰਘ ਗਹੀਰ ਨੇ ਇਸ ਡੈਲੀਗੇਸ਼ਨ ਦਾ ਹਾਰਦਿਕ ਸਵਾਗਤ ਕੀਤਾ।

ਸਾਰਾਗੜ੍ਹੀ ਫਾਊਂਡੇਸ਼ਨ ਵੱਲੋਂ ਸਿੱਖ ਹੈਰੀਟੇਜ ਮਿਊਜ਼ੀਅਮ ਮਿਸੀਸਾਗਾ ਵਿਖੇ ਅਤੇ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਇਸ ਯੁੱਧ ਵਿਚ ਸੂਰਬੀਰਤਾ ਦਿਖਾਉਣ ਵਾਲੇ 21 ਸਿੱਖ ਯੋਧਿਆਂ ਸੰਬੰਧੀ ਪ੍ਰਦਰਸ਼ਨੀਆਂ ਲਾਈਆਂ ਗਈਆਂ। ਬ੍ਰਿਟਿਸ਼ ਡੈਲਗੇਸ਼ਨ ਨੇ ਇਨ੍ਹਾਂ ਪ੍ਰਦਰਸ਼ਨੀਆਂ ਵਿਚ ਸ਼ਮੂਲੀਅਤ ਕੀਤੀ।

ਜ਼ਿਕਰਯੋਗ ਹੈ ਕਿ ਸਾਰਾਗੜ੍ਹੀ ਦੀ ਲੜਾਈ ਸਾਰਾਗੜ੍ਹੀ ਸਥਾਨ ‘ਤੇ 12 ਸਤੰਬਰ, 1897 ਨੂੰ ਬ੍ਰਿਟਿਸ਼-ਭਾਰਤੀ ਫੌਜ (36 ਸਿੱਖ ਰੈਜੀਮੈਂਟ) ਦੇ 21 ਮਹਾਨ ਯੋਧਿਆਂ ਅਤੇ ਅਫ਼ਗਾਨੀ ਪਠਾਣ ਫੌਜੀਆਂ ਵਿਚਕਾਰ ਲੜੀ ਗਈ ਸੀ। ਬਹਾਦਰੀ ਦੀ ਅਦੁੱਤੀ ਮਿਸਾਲ ਬਣੀ ਇਸ ਲੜਾਈ ਵਿਚ 21 ਸਿੱਖ ਫੌਜੀਆਂ ਨੇ 10 ਹਜਾਰ ਪਠਾਣ ਫੌਜੀਆਂ ਦਾ ਡਟ ਕੇ ਮੁਕਾਬਲਾ ਕੀਤਾ ਸੀ। ਇਸ ਮੌਕੇ ਬੋਲਦਿਆਂ ਸਾਰਾਗੜ੍ਹੀ ਫਾਊਂਡੇਸ਼ਨ ਦੇ ਮੀਤ ਪ੍ਰਧਾਨ ਜਤਿੰਦਰ ਜੇ. ਮਿਨਹਾਸ ਨੇ ਦੱਸਿਆ ਕਿ ਇਸ ਯੁੱਧ ਵਿਚ ਉਨ੍ਹਾਂ ਦੇ ਪਿੰਡ ਦੇ ਦੋ ਜਵਾਨ ਗੁਰਮੁਖ ਸਿੰਘ ਅਤੇ ਜੀਵਨ ਸਿੰਘ ਨੇ ਵੀ ਸ਼ਹਾਦਤ ਦਾ ਜਾਮ ਪੀਤਾ ਸੀ ਪਰ ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਇਨ੍ਹਾਂ ਮਹਾਨ ਯੋਧਿਆਂ ਬਾਰੇ ਪਿੰਡ ਦੇ ਲੋਕਾਂ ਨੂੰ ਕੋਈ ਜਾਣਕਾਰੀ ਨਹੀਂ। ਏਸੇ ਕਰਕੇ ਹੀ ਉਨ੍ਹਾਂ ਇਹ ਬੀੜਾ ਚੁੱਕਿਆ ਹੈ ਕਿ ਇਨ੍ਹਾਂ ਸੂਰਬੀਰਾਂ ਦੀ ਯਾਦ ਵਿਚ ਉਨ੍ਹਾਂ ਦੇ ਪਿੰਡ ਵਿਚਦੀ ਲੰਘਦੀ



ਆਦਮਪੁਰ ਫੋਰ ਲੇਨ ਸੜਕ ‘ਤੇ ਇਕ ਮਿਊਜ਼ੀਅਮ ਅਤੇ ਇਕ ਸਟੇਡੀਅਮ ਉਸਾਰਿਆ ਜਾਵੇਗਾ। ਇਸ ਸੰਬੰਧੀ ਤਿੰਨ ਏਕੜ ਜ਼ਮੀਨ ਲੈ ਲਈ ਗਈ ਹੈ।

ਸਾਰਾਗੜ੍ਹੀ ਫਾਊਂਡੇਸ਼ਨ ਦੇ ਪ੍ਰਧਾਨ ਗੁਰਿੰਦਰਪਾਲ ਸਿੰਘ ਜੋਸਨ ਨੇ ਕਿਹਾ ਕਿ 7 ਘੰਟਿਆਂ ਦੀ ਸਾਰਾਗੜ੍ਹੀ ਲੜਾਈ ਵਿਚ 21 ਸਿੱਖ ਯੋਧਿਆਂ ਨੇ ਫੈਸਲਾ ਕਰ ਲਿਆ ਕਿ ਦੁਸ਼ਮਣ ਅੱਗੇ ਈਨ ਨਹੀਂ ਮੰਨਣੀ। ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ‘ਸਵਾ ਲੱਖ ਨਾਲ ਇਕ ਲੜਾਊਂ’ ਬੋਲਾਂ ਨੂੰ ਸੱਚ ਕਰ ਦਿਖਾਇਆ ਸੀ ਅਤੇ 400 ਦੁਸ਼ਮਣਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਅਤੇ ਸਾਡੇ ਸਮੁੱਚੇ ਭਾਈਚਾਰੇ ਲਈ ਇਹ ਬਹੁਤ ਵੱਡੇ ਮਾਣ ਵਾਲੀ ਗੱਲ ਹੈ। ਉਨ੍ਹਾਂ ਜਤਿੰਦਰ ਜੇ ਮਿਨਹਾਸ ਵੱਲੋਂ ਇਨ੍ਹਾਂ ਸੂਰਬੀਰਾਂ ਦੀ ਯਾਦਗਾਰ ਉਸਾਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਆਪਣੇ ਵੱਲੋਂ ਇਸ ਕਾਰਜ ਲਈ ਪੂਰਾ ਸਹਿਯੋਗ ਦੇਣ ਦੀ ਗੱਲ ਕਹੀ। ਉਨ੍ਹਾਂ ਦੱਸਿਆ ਕਿ ਸਾਰਾਗੜ੍ਹੀ ਯੁੱਧ ਸੰਬੰਧੀ ਇਹ 51ਵੀਂ ਪ੍ਰਦਰਸ਼ਨੀ ਹੈ ਅਤੇ ਇਸ ਤੋਂ ਅਗਲੀ 52ਵੀਂ ਪ੍ਰਦਰਸ਼ਨੀ ਵੈਨਕੂਵਰ ਵਿਚ ਲਾਈ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਮਾਲਟਨ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿਚ ਯਾਦਗਾਰੀ ਗੈਲਰੀ ਬਣਾਈ ਜਾਵੇਗੀ ਜਿੱਥੇ 21 ਸਿੰਘਾਂ ਦੇ ਚਿੱਤਰ ਅਤੇ ਸਾਰਾਗੜ੍ਹੀ ਯੁੱਧ ਦੀਆਂ ਤਸਵੀਰਾਂ ਸਜਾਈਆਂ ਜਾਣਗੀਆਂ।



ਇਸ ਮੌਕੇ ਬੋਲਦਿਆਂ ਬ੍ਰਿਟਿਸ਼ ਬਿਰਗੇਡੀਅਰ ਜੌਹਨ ਕੈਂਡਲ ਨੇ ਕਿਹਾ ਕਿ ਬ੍ਰਿਟਿਸ਼ ਫੌਜ ਅਤੇ ਸਰਕਾਰ ਸਿੱਖਾਂ ਵੱਲੋਂ ਦਿਖਾਈ ਸੂਰਬੀਰਤਾ ਅਤੇ ਜਜ਼ਬੇ ਦਾ ਬਹੁਤ ਸਤਿਕਾਰ ਕਰਦੀ ਹੈ।



ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ

# ਰਵਿੰਦਰ ਰਵੀ

## ਸ਼ਬਦ-ਉਡਾਰੀ



ਅਸੀਂ ਤਾਂ ਹੈ ਹੁਣ,
ਸਮਿਓਂ ਪਾਰ ਤੁਰ ਜਾਣਾ!
ਪਿਛਲੀਆਂ ਪੈੜਾਂ ਪਿੱਛੇ ਰਹੀਆਂ,
ਰਸਤਾ ਨਵਾਂ ਬਨਾਣਾ!

ਸਮੇਂ ਦੇ ਨਾਲ ਹੀ ਜਨਮ ਹੋਂਵਦਾ,
ਸਮੇਂ ਦੇ ਨਾਲ ਹੀ ਬਚਪਨ ਬੀਤੇ,
ਸਮੇਂ ਦੇ ਨਾਲ ਹੀ ਚੜ੍ਹੇ ਜਵਾਨੀ -
ਅੱਧਖੜ ਉਮਰ ਤੋਂ ਬਾਅਦ ਬੁਢੇਪਾ -
ਸਮੇਂ 'ਚ ਮਾਨਵ-ਹੋਂਦ-ਕਹਾਣੀ।
ਸ਼ਬਦ ਪਕੜਦੇ ਰੰਗ ਸਮੇਂ ਦੇ,
ਸ਼ਬਦ ਅਸਾਡਾ ਠਉਰ ਟਿਕਾਣਾ!

ਸ਼ਬਦਾਂ ਦੇ ਰੰਗੀਂ ਅਸੀਂ ਰੰਗੇ,
ਅਰਥਾਂ, ਚਿੰਤਨ ਨਾਲ ਯਰਾਨਾ।
ਸਿਰਜਕ ਹਾਂ ਅਸੀਂ ਰਚੀਏ ਕਵਿਤਾ
-
ਬਣੀਏਂ ਕਵਿਤਾ, ਜਣੀਏਂ ਕਵਿਤਾ!
ਸ਼ਬਦਾਂ ਨੂੰ ਕਦੇ ਮੌਤ ਨਾ ਆਵੇ,
ਸਮੇਂ ਤੋਂ ਪਾਰ ਹੈ ਅਮਰ ਟਿਕਾਣਾ!
ਆਪਣਾ ਅੰਬਰ ਤਾਣ ਅਸਾਂ ਨੇ,
ਸਮਿਓਂ ਪਾਰ ਉਡ ਜਾਣਾ!

ਸ਼ਬਦ ਜਵਾਨ ਹੋਣ ਨਾ ਬੁੱਢੇ,
ਸ਼ਬਦ ਵਸੇਂਦੇ ਉਮਰੋਂ ਪਾਰ!
ਸ਼ਬਦਾਂ ਵਿੱਚ ਵਿਗਿਆਨ, ਫ਼ਲਸਫ਼ਾ,
ਸ਼ਬਦ ਸ੍ਰਿਸ਼ਟੀ ਦਾ ਤੱਤ ਸਾਰ!
ਆਪਣੀ ਗੱਲ ਨੂੰ ਕਹਿਣ ਲਈ ਵੀ,
ਸਮਾਂ ਆਂਵਦਾ ਸ਼ਬਦ-ਦੁਆਰ।
ਉਮਰ-ਮੁਕਤ ਹੋ ਏਸ ਹੋਂਦ ਨੇ,
ਸ਼ਬਦਾਂ ਵਿੱਚ ਜੁੜ ਜਾਣਾ!

ਸੱਚ ਬਣੇ ਜਦ ਸ਼ਬਦ ਤਾਂ ਉਹ ਫਿਰ,
ਸਮਿਓਂ ਪਾਰ ਤੁਰ ਜਾਵੇ।
ਸ਼ਬਦ ਦੇ ਸ਼ੀਸ਼ੇ ਵਿੱਚ ਕੁਲ
ਸ੍ਰਿਸ਼ਟੀ,
ਮੌਤ ਨਾ ਉਸ ਨੂੰ ਆਵੇ!
ਉਹ ਤਾਂ ਸਦਾ ਹੀ ਪਾਰ
ਵਸੇਂਦਾ,
ਕੀ ਤਰਨਾ? ਤੇ ਕੀ ਰੁੜ੍ਹ
ਜਾਣਾ?
ਸ਼ਬਦਾਂ ਨਾਲ਼ੋਂ ਅਰਥ ਨਾ ਟੁੱਟਦੇ,
ਤਨ ਦੇ ਨਾਲ਼ੋਂ ਰੂਹ!
ਖੂਹ ਦੇ ਵਿੱਚ ਵਸੇਂਦਾ ਪਾਣੀ,
ਪਾਣੀ ਦੇ ਵਿੱਚ ਖੂਹ!
ਸ਼ਬਦ ਮੁਕੰਮਲ ਹੋਂਦ, ਇਕਾਈ -
ਆਸ਼ਕ, ਇਸ਼ਕ ਦੀ ਜੂਹ!
ਸ਼ਬਦ ਆਦਿ, ਜੁਗਾਦਿ ਸ਼ਬਦ ਹੈ,
ਸ਼ਬਦ-ਤੋਰ, ਅਸੀਂ ਤੁਰ ਤੁਰ ਜਾਣਾ!

ਬੁੱਲ੍ਹਾ, ਵਾਰਸ, ਹਾਸ਼ਮ, ਨਾਨਕ,
ਸ਼ਬਦਾਂ ਦਾ ਅਦੁਭੁਤ ਸੰਸਾਰ!
ਸਮਾਂ ਇਨ੍ਹਾਂ ਦੀ ਕਲਮ ਦਵਾਤ,
ਪਿੰਡ ਤੇ ਬ੍ਰਹਮੰਡ ਹਨ ਪਾਸਾਰ!
ਸ਼ਬਦ ਹੀ ਵੱਸਦਾ ਸ਼ਬਦ ਦੇ ਅੰਦਰ,
ਸ਼ਬਦ ਵਸੇਂਦਾ ਸ਼ਬਦੋਂ ਪਾਰ!
ਪੰਛੀ ਤੇ ਆਕਾਸ਼ ਸ਼ਬਦ ਹਨ,
ਸ਼ਬਦ-ਉਡਾਰੀ, ਉਡ ਉਡ ਜਾਣਾ!!!



# ਰਮਿੰਦਰ ਰੰਮੀ

## ਪਿਤਾ

ਕੰਡਿਆਂ ਦੀਆਂ ਰਾਹਾਂ ਤੇ ਤੁਰ ਕੇ
ਫੁੱਲਾਂ ਦਾ ਰਸਤਾ ਬਣਾਉਂਦਾ ਹੈ ਕੋਈ....
ਹਰ ਪਲ ਕੋਸ਼ਿਸ਼ ਵਿੱਚ ਜੁਟਿਆ
ਤਿਨਕਾ ਤਿਨਕਾ ਜੁਟਾਉਂਦਾ ਹੈ ਕੋਈ ....
ਇਕ ਇਕ ਸਾਹ ਵਿਚ ਆਪਣੇ
ਲੱਖਾਂ ਦੁਆਵਾਂ ਮੰਗਦਾ ਹੈ ਕੋਈ ....
ਦੁੱਖਾਂ ਦਾ ਬੋਝ ਛੁਪਾ ਕੇ ਮਨ ਵਿਚ
ਹੰਝੂ ਤਕ ਆਪਣੇ ਲੁਕਾਉਂਦਾ ਹੈ ਕੋਈ...
ਤੇ ਆਖ਼ਿਰ ਇਕ ਦਿਨ ......
ਆਪਣੀਆਂ ਦੀਆਂ ਖੁਸ਼ੀਆਂ ਦੀ ਖ਼ਾਤਿਰ
ਪਲ ਪਲ ਫੜ੍ਹਫੜਾਉਂਦੇ ਦੀਵੇ ਦੀ ਤਰ੍ਹਾਂ
ਬੁਝ ਜਾਂਦਾ ਹੈ...ਜੋ ਇਕ ਦਿਨ ਕੋਈ...
ਉਹ ਪਿਤਾ ਹੈ...ਪਿਤਾ ਹੈ...ਪਿਤਾ ਹੈ...!!!





# ਕੇਵਲ ਸਿੰਘ ਨਿਰਦੋਸ਼ ਦੁਸਾਂਝ ਕੈਮਲੂਪਸ ਕੈਨੇਡਾ

## ਗ਼ਜ਼ਲ



ਨਸ਼ੁਕਰਾ ਨਾ ਬਣੀ ਕਰਜ਼ਾ ਚੁਕਾਈਂ ਦੁੱਧ ਪੀਤੇ ਦਾ ,
ਨ ਖੱਟੀਂ ਲ੍ਹਾਨਤਾਂ ਪਾਪਾਂ ਦੇ ਚੱਕੀਂ ਭਾਰ ਨਾ ਭੁੱਲਕੇ ।

ਖ਼ੁਦਾ ਦਾ ਕਰਮ ਹੀ ਸਮਝੀਂ ਤੇਰਾ ਹੱਥ ਬਹੁਤ ਸੌਖਾ ਹੈ ,
ਕਦੇ ਕੁਝ ਮੰਗਦਾ ਕੋਈ ਕਰੀਂ ਇਨਕਾਰ ਨਾ ਭੁੱਲਕੇ ।

ਬਣੀ ਤੂੰ ਮਹਿਕਦਾ ਸੂਹਾ ਗ਼ੁਲਾਬੀ ਫ਼ੁੱਲ ਐ ਦੋਸਤ ,
ਕਰੀਂ ਦੂਸ਼ਤ ਕਦੀ ਤੂੰ ਆਪਣੀ ਮਹਿਕਾਰ ਨਾ ਭੁੱਲਕੇ ।

ਗੁਰੂ ਨਾਨਕ ਦਿਆ ਸਿੱਖਾ ਭਲਾ ਸਰਬੱਤ ਦਾ ਮੰਗੀਂ ,
ਖ਼ੁਸ਼ੀ ਤੇਰੀ ਕਰੇ ਨਿਰਦੋਸ਼ ਨੂੰ ਦੁਖਿਆਰ ਨਾ ਭੁੱਲਕੇ ।

ਕਰੀਂ ਤੂੰ ਜਿੰਦਗੀ ਦੇ ਵਿਚ ਮਨਾ ਹੰਕਾਰ ਨਾ ਭੁੱਲਕੇ ।
ਨਹੀਂ ਪੂਰਾ ਜੋ ਕਰ ਸਕਦਾ ਕਰੀਂ ਇਕਰਾਰ ਨਾ ਭੁੱਲਕੇ ।

ਜਿਨ੍ਹਾਂ ਦੀ ਘਾਲਣਾ ਸਦਕਾ ਖੜ੍ਹਾ ਤੂੰ ਆਪਣੇ ਪੈਰੀਂ ,
ਇਹ ਮਾਪੇ ਰੂਪ ਰੱਬ ਦਾ ਨੇ ਹੁਏ ਤ੍ਰਿਸਕਾਰ ਨਾ ਭੁੱਲਕੇ ।



# ਬੀਬੀ ਸੁਰਜੀਤ ਕੌਰ 'ਸੈਕਰਾਮੈਂਟੋ' ਯੂ.ਐਸ.ਏ.

## ਫਾਦਰਜ਼ ਡੇਅ ਤੇ

ਮੇਰਾ ਬਾਬੁਲ ਪਿਆਰਾ ਸਤਿਗੁਰ
ਸਾਰੇ ਜਗ ਤੋਂ ਨਿਆਰਾ ਸਤਿਗੁਰ
ਦਰ ਬੈਠੀ ਦੀ ਲਾਜ ਨਿਭਾਵੇ
ਹਰ ਮੁਸ਼ਕਿਲ ਚੋਂ , ਆਣ ਬਚਾਵੇ
ਐਸਾ ਨਈਂ, ਕਿ ਪੀੜ ਨਹੀਂ ਹੈ
ਸਿਰ ਤੇ ਬਣਦੀ ਭੀੜ ਨਹੀਂ ਹੈ
ਸਿਰ ਤੇ ਬਣਦੀਆਂ ਭੀੜਾਂ ਵੀ ਨੇ
ਬਹੁਤ ਹੋਂਦੀਆਂ ਪੀੜਾਂ ਵੀ ਨੇ
ਅੱਗ ਨਦੀ ਜਦ ਤਰਦੀ ਹਾਂ ਮੈਂ
ਯਾਦ ਓਸ ਨੂੰ ਕਰਦੀ ਹਾਂ ਮੈਂ
ਨਾਲ ਦੁੱਖਾਂ ਜਦ ਲੜਦੀ ਹਾਂ ਮੈਂ
ਬਾਣੀ ਉਸ ਦੀ ਪੜਦੀ ਹਾਂ ਮੈਂ
ਪਲ ਪਲ ਕਰਦੀ ਹਾਂ ਅਰਦਾਸ
ਜੀਉ ਪਿੰਡ ਸਭ ਤੇਰੀ ਰਾਸ
ਤੂੰ ਬਾਬੁਲ ਮੈਂ, ਧੀ ਹਾਂ ਤੇਰੀ
ਸਦਾ ਕਰੀਂ ਰਖਵਾਲੀ ਮੇਰੀ
ਇਸ ਦੁਨੀਆਂ ਵਿਚ ਕੱਲੀ ਹਾਂ ਮੈਂ
ਮੰਨਿਆ, ਬਾਹਲੀ ਝੱਲੀ ਹਾਂ ਮੈਂ
ਜੋ ਹਾਂ, ਮੈਨੂੰ, ਤੂੰ ਹੀ ਬਣਾਇਐ
ਅਪਣੇ ਲੜ ਵੀ, ਆਪੇ ਲਾਇਐ
ਬਿਨ ਤੇਰੇ ਮੇਰਾ ਕੋਈ ਨਾ ਦਰਦੀ

ਬੜੀਆਂ ਪੀੜਾਂ ਪਈ ਹਾਂ ਜਰਦੀ
ਸੱਚ ਦੇ ਨਾਲੋਂ, ਮੋਹ ਨਈਂ ਮੁੱਕਦਾ
ਝੂਠ ਲਈ ਵਿਦਰੋਹ ਨਈਂ ਮੁੱਕਦਾ
ਘਰ ਸਮਾਜ ਵੀ ਮੁੱਕ ਚਲੇ ਨੇ
ਸੱਚ ਦੇ ਬੂਟੇ ਸੁੱਕ ਚਲੇ ਨੇ
ਧਰਮੀ ਕਰਦੇ ਨੇ ਮਨ ਆਈਆਂ
ਝੂਠ ਦੀਆਂ ਚੱਲਣ ਚਤਰਾਈਆਂ
ਧਰਮਾਂ ਦੇ ਮੋਢੀ ਬੇਈਮਾਨ
ਮੁਲਕ ਦੇ ਮੋਢੀ ਬਣੇ ਹੈਵਾਨ
ਖਵਰੇ ਕਿਥੇ ਗਏ ਇਨਸਾਨ
ਹਰ ਪਾਸੇ ਫਿਰਦੇ ਸ਼ੈਤਾਨ
ਕੋਲ ਮੇਰੇ ਫਿਰ ਆਵੇ ਬਾਬੁਲ
ਪਿਆਰ ਨਾਲ ਸਮਝਾਵੇ ਬਾਬੁਲ
ਤੁਰੇ ਆਂਵਦੇ ਨੇ ਦਿਨ ਨੇੜੇ
ਮੁੱਕ ਜਾਵਣਗੇ ਸੱਭੇ ਝੇੜੇ
ਕਲਮ ਦਿੱਤੀ ਏ, ਕਲਮ ਚਲਾ
ਸੱਚ ਦੇ ਪ੍ਰਚਮ ਨੂੰ ਲਹਿਰਾਅ
ਸੱਚ ਲਿਖੀਂ ਤੇ ਸੱਚ ਹੀ ਬੋਲੀਂ
ਸੱਚ ਬੋਲਣ ਤੋਂ ਕਦੀ ਨਾ ਡੋਲੀਂ
ਬਾਬੁਲ ਮੈਨੂੰ ਹਿੰਮਤ ਦੇਵੇ
ਸਦ ਹੀ ਅਪਣੀ ਰਹਿਮਤ ਦੇਵੇ



ਏਸੇ ਲਈ ਤਾਂ ਮਰਦੀ ਨਈਂ ਹਾਂ
ਬੇਈਮਾਨਾਂ ਤੋਂ ਡਰਦੀ ਨਈਂ ਹਾਂ
ਸਤਿਗੁਰ ਮੇਰੇ ਬਾਬੁਲ ਪਿਆਰੇ
ਸਦ ਹੀ ਮੈਨੂੰ ਦਈਂ ਸਹਾਰੇ
ਦਰ ਡਿੱਗੀ ਦੀ ਆਸ ਪੁਗਾਵੀਂ
ਇਸ ਧੀ ਨੂੰ 'ਸੁਰਜੀਤ' ਬਣਾਵੀਂ



# ਸੁਲੱਖਣ ਮਹਿਮੀ

## ਗ਼ਜ਼ਲ



ਸੁੱਟ ਪਰ੍ਹਾਂ ਕੌਡੀਆਂ, ਮੁੱਠੀ 'ਚ ਬੰਦ ਲਾਲ ਕਰ।
ਹੋ ਜਾ ਇੱਕ ਦਰ ਦਾ, ਥਾਂ, ਥਾਂ ਤੇ ਨਾ ਭਾਲ਼ ਕਰ।

ਲੱਭਣੀ ਕਿਉਂ ਚਾਹੇਂ ਖੁਸ਼ੀ ਤੂੰ ਗਲੀਆਂ ਬਜ਼ਾਰਾਂ 'ਚੋਂ,
ਕਰਕੇ ਖੋਜ ਅੰਦਰੋਂ ਜ਼ਿੰਦਗੀ ਨੂੰ ਮਾਲੋਮਾਲ ਕਰ।

ਪੰਜ ਵਿਕਾਰ,ਪ੍ਰਕਿਰਤੀਆਂ,ਕੀਤਾ ਨੱਕ 'ਚ ਦਮ ਹੈ,
ਏਨੇ ਸਾਰੇ ਔਗੁਣਾ, ਦਾ ਕਦੇ ਤਾਂ ਖ਼ਿਆਲ ਕਰ।

ਕਿਉਂ ਕਿਸੇ ਲਈ ਬੀਜਦੈਂ ਤੂੰ ਰਾਹਾਂ ਵਿੱਚ ਕੰਡੇ,
ਪੈ ਜਾਣ ਜੇਕਰ ਚੁਗਣੇ, ਫੇਰ ਨਾ ਬਵਾਲ ਕਰ।

ਆਪਣੀ ਅਜ਼ਾਦ ਸੋਚ ਤੇ, ਦੇ ਲੈ ਪਹਿਰਾ ਠੋਕ ਕੇ,
ਨਹੀਂ ਸਹਿਮਤ ਕੋਈ ਹੋਰ ਜੇ, ਨਾ ਤੂੰ ਸਵਾਲ ਕਰ।

ਮਿਲਦੀ ਕਦੇ ਨਾ ਵਾਰ,ਵਾਰ ਇਹ ਜ਼ਿੰਦਗੀ ਸਾਨੂੰ,
ਭੰਗ ਦੇ ਭਾੜੇ ਗੁਆ ਕੇ ਐਵੇਂ ਨਾ ਹਲਾਲ ਕਰ।

ਇੱਕ, ਇੱਕ ਸਾਹ ਕੀਮਤੀ, ਰੱਬੀ ਵਰਦਾਨ ਹੈ,
ਮੁੱਠੀ 'ਚ ਰੇਤ ਵਾਂਙਰਾਂ, ਜਰਾ ਹੋਸ਼ ਸੰਭਾਲ ਕਰ।

ਗੁੱਸੇ, ਗਿਲੇ ਛੱਡ ਕੇ ਨਫ਼ਰਤ ਨੂੰ ਮਾਰ ਲੈ,
ਹਨ੍ਹੇਰੇ ਨੂੰ ਦੂਰ ਕਰ, ਪਿਆਰ ਦੇ ਦੀਵੇ ਬਾਲ਼ ਕਰ।

ਦੋ ਚਾਰ ਦਿਨਾਂ ਦੀ ਗੱਲ ਨਾ ਉਮਰਾਂ ਦੀ ਖੇਡ ਹੈ,
ਜਾਗ ਗਫ਼ਲਤ ਦੀ ਨੀਂਦਰੋਂ, ਨਾ ਟਾਲਮਟਾਲ ਕਰ।

ਐਵੇਂ ਨਾ ਲਿਖ, ਲਿਖ ਵਰਕੇ ਕਾਲ਼ੇ ਕਰੀ ਜਾਹ,
ਲਾ ਕੇ ਕਾਵਿ ਉਡਾਰੀਆਂ ਕੁੱਝ ਤਾਂ ਕਮਾਲ ਕਰ।



# ਸੁਰਿੰਦਰ ਮਲੂਕਾ

## ਗ਼ਜ਼ਲ



ਕਰਦੈਂ ਗਿਲਾ ਸਾਥੋਂ ਮੁਹੱਬਤ, ਕਿਉਂ ਜਤਾਈ ਨਾ ਗਈ।
ਪਰ ਸੱਚ ਹੈ ਉਲਫ਼ਤ ਤੁਸਾਂ ਤੋਂ, ਵੀ ਨਿਭਾਈ ਨਾ ਗਈ।

ਲੱਖਾਂ ਹੀ ਤੂਫ਼ਾਂ ਸਾਂਭ ਰੱਖੇ , ਜੋ ਗ਼ਮੇਂ ਦਿਲ ਵਿਚ ਅਸਾਂ,
ਪਰ ਆਪਣੀ ਇਹ ਦਾਸਤਾਂ, ਉਸ ਨੂੰ ਸੁਣਾਈ ਨਾ ਗਈ।

ਇਹ ਬੇ ਮੁਰੱਵਤ ਬੇ ਵਫ਼ਾ, ਦੁਨੀਆਂ ਬੜੀ ਸ਼ੈਤਾਨ ਹੈ,
ਸ਼ਤਰੰਜ ਮੱਕਾਰੀ ਦੀ ਸਾਥੋਂ, ਤਾਂ ਵਿਛਾਈ ਨਾ ਗਈ।

ਉਸ ਨੂੰ ਬੜਾ ਹੀ ਭਰਮ ਸੀ,ਚਾਨਣ ਨੂੰ ਦੇਵੇਗਾ ਮਿਟਾਅ,
ਰੌਸ਼ਨ ਸ਼ਮ੍ਹਾ ਦੀ ਲੋਅ ਹਨੇਰੇ, ਤੋਂ ਮਿਟਾਈ ਨਾ ਗਈ।

ਭਾਵੇਂ ਬਣਾ ਸੁੱਟੇ ਹਜ਼ਾਰਾਂ ,ਹੀ 'ਘਰਾਂ ਦੇ ਘਰ' ਅਸਾਂ,
ਪਰ ਇਕ ਵੀ ਕੁੱਲੀ ਆਪਣੀ , ਸਾਥੋਂ ਬਣਾਈ ਨਾ ਗਈ।

ਤੀਰੇ ਨਜ਼ਰ ਕੀਤੀ ਖ਼ਤਾ, ਸਾਕੀ ਅਜੇ ਵੀ ਯਾਦ ਹੈ,
ਉਹ ਸ਼ਾਮ ਨੈਣਾਂ ਚੋਂ ਪਿਲਾਈ, ਫਿਰ ਭੁਲਾਈ ਨਾ ਗਈ।

ਤੇਰੇ ਦਰਾਂ ਤੋਂ ਐ ਖ਼ੁਦਾ, ਮੰਗੀ ਸ਼ਫਾ ਕਰ ਇਲਤਜਾ,
ਤਦਬੀਰ ਤੋਂ ਤਕਦੀਰ ਸਾਡੀ, ਕਿਉਂ ਹਰਾਈ ਨਾ ਗਈ।

# ਸੁੱਖਪ੍ਰੀਤ ਕੌਰ ਖਹਿਰਾ

## ਕਲਮ ਦੀ ਤਾਕਤ



ਕਿੰਨੇ ਹੀ ਦਿਲ ਲੁਕੇ ਰਾਜ ਜੋ,
ਸ਼ਬਦਾ ਵਿੱਚ ਹੀ ਲਿਖ ਜਾਵੇ,
ਹੁੰਦੇ ਜਜ਼ਬਾਤ ਜੋ ਬੰਦੇ ਦੇ ਨੇ,
ਲਫਜ ਉਹਨਾਂ ਨੂੰ ਬਣਾ ਜਾਵੇ।
ਕਲਮ ਦੀ ਕੀ ਤਾਕਤ ਹੁੰਦੀ ਏ,
ਪਤਾ ਤਦ ਲਗੇ ਜਦ ਤੂੰ ਅਜਮਾਵੇ।

ਹੰਝੂਆਂ ਨੂੰ ਬਣਾ ਦਿੰਦੀ ਹਾਸੇ,
ਰੋਂਦਿਆ ਨੂੰ ਵੀ ਜੋ ਹਸਾਵੇ।
ਧੋਖੇਬਾਜ਼ੀ ਦੇ ਕਿੰਨੇ ਹੀ ਕਿੱਸੇ,
ਨਿੱਤ ਹੀ ਲਫਜਾਂ 'ਚ ਸੁਣਾਵੇ।
ਕਲਮ ਦੀ ਕੀ ਤਾਕਤ ਹੁੰਦੀ ਏ,
ਪਤਾ ਤਦ ਲਗੇ ਜਦ ਤੂੰ ਅਜਮਾਵੇ।

ਗੂੰਗਿਆਂ ਨੂੰ ਜੋ ਬੋਲਣ ਲਾ ਦਵੇ,
ਬਹਰਿਆਂ ਨੂੰ ਜੋ ਸੁਣਨ ਲਾ ਦਵੇ,
ਹੋਵੇ ਸਮਾਜ ਦੀ ਬੁਰਾਈ ਚਾਹੇ ਕੋਈ,
ਸ਼ਬਦਾ ਰਾਹੀ ਨਿਸ਼ਾਨੇ ਤੇ ਲਾਵੇ,
ਕਲਮ ਦੀ ਕੀ ਤਾਕਤ ਹੁੰਦੀ ਏ,
ਪਤਾ ਤਦ ਲਗੇ ਜਦ ਤੂੰ ਅਜਮਾਵੇ।

ਤਾਕਤ ਕਲਮ ਦੀ ਹੁੰਦੀ ਹੈ,
ਜੋ ਬੇਜਾਨ 'ਚ ਵੀ ਜਾਨ ਪਾਵੇ।
ਬੜੇ ਸੋਹਣੇ ਸ਼ਬਦਾ 'ਚ ਕਦੇ,
ਕਿਰਦਾਰ ਬੰਦੇ ਦਾ ਸਰਾਵੇ,
ਕਲਮ ਦੀ ਕੀ ਤਾਕਤ ਹੁੰਦੀ ਏ,
ਪਤਾ ਤਦ ਲਗੇ ਜਦ ਤੂੰ ਅਜਮਾਵੇ।

# ਹਰਵਿੰਦਰ ਸਿੰਘ ਸਿੱਧੂ

## ਕੀ ਗਰੰਟੀ ਹੈ

ਵਿਸ਼ਵ ਸ਼ਾਂਤੀ ਖਾਤਰ
ਟੁੱਟਣ ਨਹੀਂ ਦੇਣਾ ਸਿਲਸਿਲਾ
ਕਨਵੈਨਸ਼ਨਾਂ ਸੰਮੇਲਨਾਂ ਅਤੇ ਵਿਚਾਰਾਂ ਦਾ
ਨਾਲ਼ੇ ਕਰਾਂਗੇ ਅਰਬਾਂ ਖਰਬਾਂ ਦਾ
ਕਾਰੋਬਾਰ ਹਥਿਆਰਾਂ ਦਾ
ਸ਼ਾਂਤੀ ਲਈ ਹਥਿਆਰ ਜ਼ਰੂਰੀ
ਨਵਾਂ ਸਿਧਾਂਤ ਸਰਕਾਰਾਂ ਦਾ
ਹੀਰੋਸ਼ੀਮਾ ਹੋਰ ਨਹੀਂ ਬਣਨਾ
ਕੀ ਗਰੰਟੀ ਹੈ?

ਗੱਲ ਏਕਤਾ ਅਖੰਡਤਾ ਦੀ ਕਰਦੇ ਨੇ
ਪਿਛਾਖੜੀ ਤਾਕਤਾਂ ਦੀ
ਫ਼ਿਰਕੂ ਅਨਸਰਾਂ ਦੀ
ਤੰਗ ਨਜ਼ਰ ਬਹੁਲਵਾਦੀਆਂ ਦੀ
ਜਾਤ-ਪਾਤ ਦੇ ਕੀੜੇ ਦੀ
ਕਦੇ ਲੁਕਵੀਂ ਕਦੇ ਖੁੱਲ੍ਹਮ-ਖੁੱਲ੍ਹੀ
ਪੁਸ਼ਤ ਪਨਾਹੀ ਕਰਦੇ ਨੇ
ਭਾਈਚਾਰੇ ਦੀਆਂ ਤੰਦਾਂ ਨੂੰ
ਸਦਭਾਵਨਾ ਦੀਆਂ ਪੰਡਾਂ ਨੂੰ
ਲੋਕ ਏਕੇ ਦੀਆਂ ਗੰਢਾਂ ਨੂੰ
ਕੌਮੀ ਜਨੂੰਨ ਦੇ ਡੰਡੇ ਨਾਲ
ਕੁਚਲਣ ਦਾ ਦਮ ਭਰਦੇ ਨੇ
ਇੱਕਰੂਪਤਾ ਦੇ ਸਾਗਰ ਵਿੱਚ
ਵੰਨਸੁਵੰਨਤਾ ਨਹੀਂ ਡੁੱਬੇਗੀ



ਕੀ ਗਰੰਟੀ ਹੈ?
ਸੋਚ ਦਾ ਨਵੀਨੀਕਰਨ ਕਰਨਾ ਹੈ
ਫਿਰ ਡਾਰਵਿਨ ਸਿਧਾਂਤ ਕਿਓਂ ਪੜ੍ਹਨਾ ਹੈ
ਪੀਰੀਆਡਕ ਟੇਬਲ ਸਿਲੇਬਸ ਚੋਂ ਬਾਹਰ
ਕੀਤਾ
ਨਰਕ ਲਿਜਾਂਦੀ ਸੋਚ ਦੇ ਕਿਆਰੇ ਨੂੰ ਵਾਢਾ
ਲਾ ਦਿੱਤਾ
“ਵਿਗਿਆਨ ਸਰਵਤ੍ਰ ਪੂਜਯਤੇ”
ਵਿਗਿਆਨ ਦਾ ਨਵਾਂ ਸੰਦਰਭ ਬਣਾ ਦਿੱਤਾ
ਵਿਗਿਆਨ ਵਿਹੂਣੇ ਗਿਆਨ ਨਾਲ
ਵਿਸ਼ਵ ਗੁਰੂ ਬਣ ਜਾਵਾਂਗੇ
ਕੀ ਗਰੰਟੀ ਹੈ

ਤੁਸੀਂ ਕੀ ਲੈਣਾ ਕੁਆਂਟਮ ਫਜ਼ਿਕਸ ਤੋਂ
ਨੈਨੋ ਟੈਕਨੌਲੋਜੀ ਤੇ ਰੋਬਿਟਕਸ ਤੋਂ
ਮਸਨੂਈ ਬੌਧਿਕਤਾ ਪੜ੍ਹਨ ਦੀ ਲੋੜ ਨਹੀਂ
ਆਇਲਟਸ ਦੇ ਬੈਂਡ ਲਓ
ਬਾਹਰ ਜਾਓ
ਸਾਡਾ ਸਿਰ ਨਾ ਖਾਓ
ਸਾਡਾ ਜਵਾਨ ਜਨਸੰਖਿਆ ਲਾਭ
ਅਤੇ ਕੀਮਤੀ ਸਰਮਾਇਆ
ਹੋਰ ਦੇਸ਼ ਨਹੀਂ ਲੈ ਜਾਣਗੇ
ਕੀ ਗਰੰਟੀ ਹੈ?

# ਨਛੱਤਰ ਸਿੰਘ ਭੋਗਲ “ਭਾਖੜੀਆਣਾ” (U.K)

# ਨਸਲਵਾਦ

ਇਹ ਕਵਿਤਾ ਮੈਂ ਓਦੋਂ ਲਿਖੀ ਜਦ ਅਮਰੀਕਾ ਵਿੱਚ ਇਕ ਅਫਰੀਕਨ ਕਾਲ਼ੇ ਵਿਅਕਤੀ ਨੂੰ ਨੌਂ ਮਿੰਟ ਤੱਕ ਧੌਣ ਤੇ ਗੋਡਾ ਰੱਖ ਕੇ ਸਾਹ ਰੁਕਣ ਤੱਕ ਮਾਰ ਦਿੱਤਾ ਗਿਆ ਸੀ

ਹੱਕ ਵਾਧੂ ਸਾਨੂੰ ਗੋਰਿਆਂ ਨੂੰ
ਕਾਲ਼ੇ ਰੰਗ ਨਾ ਈਰਖਾ ਕਰਦੇ ਹਾਂ।
ਆਪਣੀ ਧੌਂਸ ਜਮਾਉਣੇ ਲਈ
ਅਸੀਂ ਧੌਣ ਤੇ ਗੋਡਾ ਧਰਦੇ ਹਾਂ।।

ਸਾਮਰਾਜ ਵਿਸ਼ਾਲ ਅਸਾਡਾ ਸੀ
ਰਾਜ ਸਾਡਾ, ਮੁਲਕ ਤੁਹਾਡਾ ਸੀ,
ਧਨ-ਮਾਲ ‘ਤੇ ਸੰਪਤੀ ਲੁੱਟ ਅਸਾਂ
ਹੱਡ ਵਾਂਗ ਚਰੂੰਡ ਕੇ ਖਾਧਾ ਸੀ।
ਸਾਡੇ ਰਾਜ ਦਾ ਸੂਰਜ ਨਾ ਛਿਪਦਾ
ਅਸੀਂ ਜੇਤੂ, ਕਦੇ ਨਾ ਹਰਦੇ ਸਾਂ।
ਆਪਣੀ ਧੌਂਸ ਜਮਾਉਣੇ ਲਈ
ਅਸੀਂ ਧੌਣ ਤੇ ਗੋਡਾ ਧਰਦੇ ਹਾਂ।।

ਅਸੀਂ ਹਾਕਮ-ਧਿਰ ਅਖਵਾਉਂਦੇ ਰਹੇ
ਮਨਮਰਜ਼ੀ ਸਦਾ ਪੁਗਾਉਂਦੇ ਰਹੇ,
ਸਦੀਆਂ ਤੋਂ ਤੁਸੀਂ ਗੁਲਾਮ ਸਾਡੇ
ਅਸੀਂ ਰੋਹਬ ਤੁਸਾਂ ਤੇ ਪਾਉਂਦੇ ਰਹੇ।
ਅਸੀਂ ਸੱਤੀਂ-ਵੀਹੀਂ ਸੌ ਗਿਣੀਏ
ਨਿੱਤ ਮਨ-ਆਈਆਂ ਵੀ ਕਰਦੇ ਹਾਂ।
ਆਪਣੀ ਧੌਂਸ ਜਮਾਉਣੇ ਲਈ
ਅਸੀਂ ਧੌਣ ਤੇ ਗੋਡਾ ਧਰਦੇ ਹਾਂ।।

ਨਸਲ ਤੁਹਾਡੀ ਦਾ ਵਖਰੇਵਾਂ ਹੈ
ਕਾਲੇ ਰੰਗ ਦਾ ਵੀ ਅਫਰੇਵਾਂ ਹੈ,
ਸਾਡੇ ਕਹਿਰ ਤਸ਼ੱਦਦ ਸਹਿੰਦੇ ਜਾਉ
ਗੋਰੀ ਨਸਲ ਦਾ ਖਾਸ ਸੁਨੇਹਾ ਹੈ।
ਸਾਹ “ਫਲੌਇਡ” ਨੂੰ ਆਵੇ, ਨਾ ਆਵੇ
ਪ੍ਰਵਾਹ ਇਸ ਦੀ ਕਦੇ ਨਾ ਕਰਦੇ ਹਾਂ।
ਆਪਣੀ ਧੌਂਸ ਜਮਾਉਣੇ ਲਈ
ਅਸੀਂ ਧੌਣ ਤੇ ਗੋਡਾ ਧਰਦੇ ਹਾਂ।।

ਨਸਲਵਾਦ ਦੀ ਹਾਮੀਂ ਭਰਦੇ ਹਾਂ
ਇਹ ਕਹਿਣ ਲੱਗੇ ਨਾ ਡਰਦੇ ਹਾਂ,
ਤੁਸੀਂ ਦੂਜੇ ਦਰਜੇ ਦੇ ਸ਼ਹਿਰੀ
ਤੁਹਾਡੀ ਹੋਂਦ ਨੂੰ ਨਫ਼ਰਤ ਕਰਦੇ ਹਾਂ।
ਅਪਰਾਧੀ ਅਤੇ ਖਰੂਦੀਏ ਜਿਹੇ
ਨਾਮ ਨਾਲ ਸੰਬੋਧਿਤ ਕਰਦੇ ਹਾਂ।
ਆਪਣੀ ਧੌਂਸ ਜਮਾਉਣੇ ਲਈ
ਅਸੀਂ ਧੌਣ ਤੇ ਗੋਡਾ ਧਰਦੇ ਹਾਂ।।

ਮਨੁੱਖੀ ਹੱਕ ਦਾ ਢੋਲ ਵਜਾਈ ਦਾ
ਅੱਖੀਂ ਜੱਗ ਦੇ ਘੱਟਾ ਪਾਈ ਦਾ,
“ਫਲੌਇਡ” ਦੀ ਧੌਣ ਤੇ ਰੱਖ ਗੋਡਾ
ਨੌਂ ਮਿੰਟ ‘ਚ ਮਾਰ ਮੁਕਾਈ ਦਾ।
ਨਛੱਤਰ ਭੋਗਲ ਜੋਰਾਵਰ ਬਣਕੇ
ਅਤੇ ਦੋਸ਼ ਤੁਸਾਂ ਸਿਰ ਧਰਦੇ ਹਾਂ।
ਆਪਣੀ ਧੌਂਸ ਜਮਾਉਣੇ ਲਈ
ਅਸੀਂ ਧੌਣ ਤੇ ਗੋਡਾ ਧਰਦੇ ਹਾਂ।।





# ਡਾ. ਮੇਹਰ ਮਾਣਕ

## ਪਰਦਿਆਂ ਕੱਜੀ ਜ਼ਿੰਦਗੀ (ਕਵਿਤਾ)

ਪਰਦਿਆਂ ਕੱਜੀ ਜ਼ਿੰਦਗੀ ਸਿਰਫ ਹੁਣ ਮੂੰਹ ਦਿਖਾਵੇ ਨੇ
ਦੁੱਖ ਹਰਨ ਵਾਲੇ ਰੁੱਖ ਹੁਣ ਬਣਗੇ' ਤਖਤਾਂ ਦੇ ਪਾਵੇ ਨੇ।

ਗਰਕਿਆ ਜਿਗਰਾਂ ਦਾ ਪਾਣੀ ਜ਼ਮੀਨ ਖ਼ਾਕ ਤੋਂ ਰਾਖ ਹੋਈ
ਮਾਲੀ ਫਸਲਾਂ ਤੋਂ ਖਾਲੀ  ਲਗਦੇ ਹੁਣ ਮਿੱਟੀ ਦੇ ਬਾਵੇ ਨੇ।



ਜਗ੍ਹਾ ਬਦਲਕੇ ਜੁਗਨੂੰ ਪੁੱਜਗੇ' ਟਾਪੂਆਂ ਦੀਆਂ ਟਾਹਣੀਆਂ 'ਤੇ
ਜਮੇਂ ਗਲੇਸ਼ੀਅਰਾਂ ਦੇ ਵਿੱਚੋਂ ਯਾਰੋ ਕਦੋਂ ਫੁੱਟਦੇ ਲਾਵੇ ਨੇ?

ਰਸਮਾਂ, ਕਸਮਾਂ,ਵਾਅਦੇ,ਇਰਾਦੇ ਵਿੱਚ ਬਜਾਰੀਂ ਵਿੱਕ ਗਏ
"ਮੈਂ ਤੇਰਾ ਤੂੰ ਮੇਰੀ" ਗੱਲਾਂ ਲਈ ਹੁਣ ਤਾਂ ਮਨਪ੍ਰਚਾਵੇ ਨੇ।

ਬੁੱਲ੍ਹਾਂ ਤੇ ਬੁੱਲ੍ਹ ਰੱਖ ਜੋ ਪੀ ਗਿਆ ਸੁੱਖ, ਸੁਰ ਤੇ ਸੀਰਾਂ ਨੂੰ
ਉਸ ਨੂੰ ਕਿੱਦਾਂ ਮੰਨਾਂ ਸੁਕਰਾਤ ਪੱਲੇ 'ਚ ਤਾਂ ਹਾਉਂਕੇ ਹਾਵੇ ਨੇ।

ਪੁੱਠੇ ਪੈਰ ਸਮੇਂ ਦੇ ਜੋ ਅਕਸਰ ਸਿਵਿਆਂ ਵੱਲ ਆਉਂਦਾ ਜਾਂਦਾ ਹੈ
ਵੇਖੋ ਭਵਿੱਖ ਬਣ ਗਿਆ ਹੈ ਭੂਤ ਜਾਂ ਇਸ ਦੇ ਸਿਰਫ ਡਰਾਵੇ ਨੇ।



# ਜੋਗਿੰਦਰ ਪਾਂਧੀ

## ਗ਼ਜ਼ਲ



آگ دل میں سہی آنکھوں میں پانی ہے
ملنا. پھر. بچھڑنا ویسی کہانی ہے
ਆਗ ਦਿਲ ਮੇਂ ਸਹੀ ਆਂਖੂੰ ਮੇਂ ਪਾਨੀ ਹੈ
ਮਿਲਨਾ ਫਿਰ ਵਿਛੜਨਾ ਵੈਸੀ ਕਹਾਨੀ ਹੈ

بے کراں قطرہ چلتا ہے جب -بنے دریا
خود بنائے راہ - أس میں وہ روانی ہے
ਬੇ-ਕਰਾਂ ਕਤਰਾ ਚਲਤੈ ਜਬ ,ਬਨੇ ਦਰਿਆ
ਖ਼ੁਦ ਬਨਾਏ ਰਾਹ ਉਸ ਮੇਂ ਵੋ ਰਵਾਨੀ ਹੈ

بارشوں میں کچی مٹی پِگھل جائے نہ
شہر کی اِک عمارت ابھی پرانی ہے
ਬਾਰਸ਼ੂੰ ਮੇਂ ਕਚੀ ਮਿੱਟੀ ਪਿਘਲ ਜਾਏ ਨਾ
ਸ਼ਹਿਰ ਕੀ ਇਕ ਇਮਾਰਤ ਅਭੀ ਪੁਰਾਨੀ ਹੈ

اوڑھ کر کمرے کی تنہائی آسو جائیں
باہر تو چل رہی ہوا اِک طوفانی ہے
ਓੜਕਰ ਕਮਰੇ ਕੀ ਤਨਹਾਈ ਆ!ਸੌਂ ਜਾਏਂ
ਬਾਹਰ ਤੋ ਚਲ ਰਹੀ ਹਵਾ ਇਕ ਤੂਫਾਨੀ ਹੈ

٢س٢

آنکھ سے برستی شبنم چھما چھم چھم
اب تو آجاؤ -رُت کتنی ہی سوہانی ہے
ਆਂਖ ਸੇ ਬਰਸਤੀ ਸ਼ਬਨਮ ਛਮਾ ਛਮ ਛਮ
ਅਬ ਤੋ ਆ ਜਾਉ ਰੁੱਤ ਕਿਤਨੀ ਸੁਹਾਨੀ ਹੈ

حرف جو ہونٹ تک اکثر آ سکتا نہی
اسکو کہہ دیتے وہ آنکھوں کی زبانی ہے
ਹਰਫ ਜੋ ਹੋਂਠ ਤਕ ਅਕਸਰ ਆ ਸਕਤਾ ਨਹੀਂ
ਉਸ ਕੋ ਕਹਿ ਦੇਤੇ ਵੋ ਆਂਖੂੰ ਕੀ ਜ਼ਬਾਨੀ ਹੈ

أس کی تصویر سینے سے لگا رکھتا ہے
پاندھی کو لوٹا جِس نے جان - جانی ہے
ਉਸਕੀ ਤਸਵੀਰ ਸੀਨੇ ਸੇ ਲਗਾ ਰਖਤਾ ਹੈ
ਪਾਂਧੀ ਕੋ ਲੂਟਾ ਜਿਸ ਨੇ ਜਾਨ ਜਾਨੀ ਹੈ

= = = = = = = = = = = = = = = = = = = = = = = = =

= = / / /

-------جوگندر پاندھی(کشمیر)
----ਜੋਗਿੰਦਰ ਪਾਂਧੀ (ਕਸ਼ਮੀਰ)

(ਫਾ-ਇਲਾ-ਤੁਨ,ਮੁਫਾ-ਈ-ਲੁਨ,ਮੁਫਾ-ਈ-ਲੁਨ)

(فا-علا-تن،مفا-عیلُن،مفا-عیلُن)

# ਕਿਉਂ ਹੈ...?



ਜਦ ਬੈਠਾ ਹੈਂ ਤੂੰ ਹੀ ਸਾਡੇ ਸਭ ਅੰਦਰ।
ਫਿਰ ਤੈਨੂੰ ਲੱਭਣ ਦਾ ਜ਼ੋਰ ਕਿਉਂ ਹੈਂ,
ਜਦ ਬਣਾਏ ਨੇ ਤੂੰ ਹੀ ਸਭ ਇਸ ਜਹਾਨ ਤੇ।
ਫਿਰ ਇਹ ਨਫ਼ਰਤਾਂ ਦਾ ਦੌਰ ਕਿਉਂ ਹੈ,
ਜਦ ਆਪਾ ਹੀ ਤੇਰੇ ਤੇ ਵਾਰ ਦਿੱਤਾ।
ਫਿਰ ਤੈਨੂੰ ਮਨਾਉਣ ਲਈ ਘੁੰਗਰੂਆਂ ਦਾ ਸ਼ੋਰ ਕਿਉਂ ਹੈ,
ਤੇਰੇ ਅੰਮ੍ਰਿਤ ਦਾ ਪਿਆਲਾ ਜਦ ਹੈ ਹੀ ਅੰਦਰ।
ਫਿਰ ਲੱਭਦਾ ਮੈਂ ਕਿਤੇ ਹੋਰ ਕਿਉਂ ਹੈ,
ਤੇਰੇ ਪ੍ਰਕਾਸ਼ ਨਾਲ਼ ਹੀ ਜਲ ਰਿਹਾ ਦੀਵਾ ਅੰਦਰ ।
ਫਿਰ ਤੈਥੋਂ ਵੱਖ ਦੀਵੇ ਦੀ ਲੋਅ ਕਿਉਂ ਹੈ।
ਬਸ ਐਸ.ਪੀ. ਨੂੰ ਆਪਣੇ ਨਾਲ਼ ਇੱਕ ਮਿਕ ਕਰ ਲੈ,
ਮੈਨੂੰ ਤੇਰੇ ਬਿਨਾਂ ਦਿਖਦਾ ਕੋਈ ਹੋਰ ਕਿਉਂ ਹੈ...?

ਤੇਰੇ ਨਾਮ ਦਾ ਐਨਾ ਸ਼ੋਰ ਕਿਉਂ ਹੈ,
ਤੇਰੇ ਬਿਨਾਂ ਦੁਨੀਆਂ ਤੇ ਕੋਈ ਹੋਰ ਕਿਉਂ ਹੈ।
ਜਦ ਹੈ ਹੀ ਤੂੰ ਸ੍ਰਿਸ਼ਟੀ ਦੇ ਕਣ- ਕਣ ਵਿੱਚ,
ਫਿਰ ਤੈਨੂੰ ਲੱਭਣ ਦੀ ਲੋਰ ਕਿਉਂ ਹੈ,
ਲੱਖਾਂ ਆਰਤੀਆਂ ਨਿਰੰਤਰ ਚੱਲ ਰਹੀਆਂ ਨੇ ਤੇਰੇ ਭਵਨ
ਤੇ ।
ਫਿਰ ਗਲੀ ਸਾਡੀ ਵਿੱਚ ਸ਼ੋਰ ਕਿਉਂ ਹੈਂ,




ਐੱਸ. ਪੀ. ਸਿੰਘ

# ਗੁਰਦਰਸ਼ਨ ਸਿੰਘ ਮਾਵੀ

## ਇਓਂ ਜੇ ਹੋਵੇ

ਸਭ ਦਾ ਚਿਹਰਾ ਦਗਦਾ ਵੇਖਾਂ
ਚੁਲਾ ਹਰ ਇਕ ਮਘਦਾ ਵੇਖਾਂ
ਸਾਰੇ ਇਨਸਾਨ ਸੁੱਖੀ ਹੋ ਜਾਵਣ
ਕਿਧਰੇ ਨਾ ਕੋਈ ਲੜਦਾ ਵੇਖਾਂ
ਬੰਦਾ ਬੰਦੇ ਨੂੰ ਮਿਲਣਾ ਚਾਹਵੇ
ਪਿਆਰ ਦਿਲਾਂ ਵਿਚ ਪਲਦਾ ਵੇਖਾਂ
ਪੁਰਾਣੇ ਸੰਸਕਾਰ ਫਿਰ ਆ ਜਾਵਣ
ਸ਼ਰਮ ਹਯਾ ਦਾ ਮੁੜ ਪਰਦਾ ਵੇਖਾਂ
ਇਮਾਨਦਾਰੀ ਨਾਲ ਜੋ ਮਿਹਨਤ ਕਰਦਾ
ਉਸ ਗਰੀਬ ਨੂੰ ਮੈਂ ਫਲਦਾ ਵੇਖਾਂ
ਐਸੀ ਮਿਹਰ ਉਸ ਮਾਲਕ ਦੀ ਹੋਵੇ
ਹਰ ਬੰਦਾ ਅਸਮਾਨੇ ਚੜ੍ਹਦਾ ਵੇਖਾਂ
ਫਿਕਰ-ਫਾਕਾ ਨਾ ਕਿਸੇ ਨੂੰ ਹੋਵੇ
ਕੋਈ ਨਾ ਕਿਸੇ ਤੋਂ ਡਰਦਾ ਵੇਖਾਂ
ਖੇਤਾਂ ਵਿਚ ਹਰਿਆਲੀ ਹੋਵੇ
ਬਰਕਤ ਦਾ ਮੀਂਹ ਵਰ੍ਹਦਾ ਵੇਖਾਂ
ਭੀੜ ਕਿਸੇ ਤੇ,ਜੇ ਬਣ ਆਵੇ
ਹਰ ਬੰਦਾ, ਉਸ ਵੱਲ ਖੜ੍ਹਦਾ ਵੇਖਾਂ
ਜਬਰ-ਜੁਲਮ ਜੇ ਕਿਧਰੇ ਹੋਵੇ
"ਮਾਵੀ" ਉਹਦੇ ਲਈ ਲੜਦਾ ਵੇਖਾਂ



# ਅਰਸ਼ੋਂ ਆਈ ਨੰਨੀ ਪਰੀ

ਅਰਸ਼ ਤੋਂ ਨੰਨੀ ਪਰੀ ਦੁਨੀਆਂ ਤੇ ਆਈ
ਮੱਸਿਆ ਰਾਤ ਲੱਗੇ ਚੰਨ ਚਾਂਦਨੀ ਆਈ



ਪਤਝੜ ਨੂੰ ਫੁੱਲ ਖਿਲੇ ਖੁਸ਼ਬੋ ਮਹਿਕਾਈ
ਕੱਲਰ ਭੂਮੀ ਤੇ ਲੱਗੇ ਜਿਵੇਂ ਬਹਾਰ ਆਈ

ਜਦੋਂ ਨੰਨੀ ਪਰੀ ਏਸ ਦੁਨੀਆਂ ਤੇ ਆਈ
ਘਰਦਿਆਂ ਦੇ ਮੱਥੇ ਤੇ ਸੀ ਤਿਉੜੀ ਆਈ

ਕਿਸੇ ਪਰੀ ਦੀ ਮਾਂ ਨੂੰ ਨਾ ਦਿੱਤੀ ਵਧਾਈ
ਮਾਂ ਟਾਂਕੇ ਪੀੜ ਚੀਸ ਬੁੱਲਾਂ ਵਿੱਚ ਦਬਾਈ

ਮੋਮੋ ਠੱਗਣੀ ਬੇਬੇ ਨੇ ਸੀ ਗੱਲ ਸਮਝਾਈ
ਰੱਬ ਘਰ ਦੇਰ ਆ ਪਰ ਹਨੇਰ ਨਾ ਭਾਈ

ਪੁੱਤਾਂ ਨਾਲ ਹੀ ਘਰ ਦੀ ਜੜ ਲੱਗੇ ਭਾਈ
ਤੇਰੀ ਕੁੱਖ ਸੁਲੱਖਣੀ ਹੋਉ ਨਾ ਘਬਰਾਈਂ

ਇਹ ਗੱਲ ਮੈਨੂੰ ਰਤਾ ਸਮਝ ਨਾ ਆਈ
ਧੀਅ ਜੰਮ ਕੁੱਖ ਸੁਲੱਖਣੀ ਕਿਉਂ ਨਾਹੀਂ

ਜਗਜਨਨੀ ਆਣ ਤੇ ਨਾ ਮਿਲੀ ਵਧਾਈ
ਕੀ ਕਸੂਰ ਧੀ ਦਾ ਜੋ ਦੁਨੀਆਂ ਤੇ ਆਈ

ਧੀਆਂ ਨਾਲ ਰਿਸ਼ਤੇ ਸ੍ਰਿਸ਼ਟੀ ਚੱਲੇ ਭਾਈ
ਹਰ ਖੇਤਰ ਧੀਆਂ ਅੱਗੇ ਵਧਦੀਆਂ ਜਾਈ

ਇਕਬਾਲ ਲੋਕਾਂ ਦੀ ਮੱਤ ਪੁੱਠੀ ਹੋ ਆਈ
ਧੀ ਨੂੰ ਜਾਵਣ ਕੁੱਖ ਵਿੱਚ ਕਤਲ ਕਰਾਈ



ਇਕਬਾਲ ਸਿੰਘ ਪੁੜੈਣ

# ਪਰਮਜੀਤ ਕੌਰ

## ਨਾ ਅਬਲਾ ਕਦੇ ਕਹਾਵਾਂਗੀ



ਮਾਂ ਮੇਰੀ ਮੈਨੂੰ ਜਨਮ ਦਿੱਤਾ ,
ਮੈਂ ਵੀ ਮੁੱਲ ਸਦਾ ਚੁਕਾਵਾਂਗੀ,,
ਮੈਂ ਲੜਾਂਗੀ ,ਮੈ ਜੂਝਾਂਗੀ ...
ਨਾ ਅਬਲਾ ਕਦੇ ਕਹਾਵਾਂਗੀ

ਉੱਚੀ ਉਸਦੀ ਸ਼ਾਨ ਬਣਨਾ,
ਮੈਂ ਵੱਖਰੀ ਪਹਿਚਾਣ ਬਣਨਾ,,
ਪੈਰਾਂ ਉੱਤੇ ਖੜ ਜਾਵਾਂਗੀ,
ਹੱਕਾਂ ਲਈ ਅੜ ਜਾਵਾਂਗੀ,,
ਨਾ ਡੋਰ ਕਿਸੇ ਹੱਥ ਫੜਾਂਵਾਂਗੀ ,
ਮੈਂ ਲੜਾਂਗੀ ,ਮੈ ਜੂਝਾਂਗੀ ...
ਨਾ ਅਬਲਾ ਕਦੇ ਕਹਾਵਾਂਗੀ

ਵਾਂਗ ਸਿਤਾਰੇ ਮੈਂ ਚਮਕਣਾ,
ਡਰਕੇ ਨਾ ਕਦੇ ਪਿੱਛੇ ਹੱਟਣਾ,,
ਝੂਠੇ ਦੀ ਪਹਿਚਾਣ ਕਰਾਂਗੀ,
ਸੱਚ ਨਾਲ ਸਦਾ ਖੜ੍ਹਾਂਗੀ ,,
ਤਕਦੀਰ ਆਪਣੀ ਆਪ ਬਣਾਵਾਂਗੀ
ਮੈਂ ਲੜਾਂਗੀ ,ਮੈ ਜੂਝਾਂਗੀ ...
ਨਾ ਅਬਲਾ ਕਦੇ ਕਹਾਵਾਂਗੀ

ਵੱਖਰਾ ਮੈਂ ਵਜੂਦ ਬਣਾਉਣਾ
ਜੱਗ ਉੱਤੇ ਨਾਮ ਰੁਸ਼ਨਾਉਣਾ ,,
ਦੂਰ ਸਭ ਹਨੇਰੇ ਕਰਾਂਗੀ,
ਮੇਹਨਤ ਦਾ ਰਾਹ ਫੜਾਂਗੀ ,,
ਤਾਂ ਹੀ ਫਿਰ ਜੁਗਨੂੰ ਕਹਾਵਾਂਗੀ
ਮੈਂ ਲੜਾਂਗੀ ,ਮੈ ਜੂਝਾਂਗੀ ...
ਨਾ ਅਬਲਾ ਕਦੇ ਕਹਾਵਾਂਗੀ

ਮਾਂ ਮੇਰੀ ਮੈਨੂੰ ਜਨਮ ਦਿੱਤਾ ,
ਮੈਂ ਵੀ ਮੁੱਲ ਸਦਾ ਚੁਕਾਵਾਂਗੀ ,,
ਮੈਂ ਵੀ ਮੁੱਲ ਸਦਾ ਚੁਕਾਵਾਂਗੀ,,

# ਪਰਵੀਨ ਕੌਰ ਸਿੱਧੂ

## ਹਿੱਸੇ ਦੀ ਪੀੜਾ......

ਆਪਣੇ ਹਿੱਸੇ ਦੀ ਪੀੜਾ ਤੈਨੂੰ,
ਆਪ ਹੀ ਸਹਿਣੀ ਪੈਣੀ ਹੈ।
ਆਪਣੇ ਹੱਕਾਂ ਦੀ ਲੜਾਈ,
ਤੈਨੂੰ ਆਪ ਹੀ ਲੜਨੀ ਪੈਣੀ ਹੈ।
ਨਾ ਲਾਇਆ ਕਰ ਆਸਾਂ ਐਵੇ,
ਹੋਰਾਂ ਦੇ ਨਾ ਤੱਕਣੇ ਤੱਕਿਆ ਕਰ,
ਬਣ ਆਪਣਾ ਆਪ ਸਹਾਰਾ,
ਤੈਨੂੰ ਆਪਣੀ ਹਿੰਮਤ ਬਣਨਾ ਪੈਣਾ ਹੈ।
ਕੀ ਬਣਨਾ ਉਸ ਸ਼ਖਸ ਨੇ,
ਜਿਸ ਨੇ ਠੋਕਰਾਂ ਖਾਧੀਆਂ ਨਹੀਂ,
ਪੱਥਰ ਬਣਨਾ ਜਾਂ ਰੇਤਾ ਬਣਨਾ,
ਆਪ ਸਮਝਣਾ ਪੈਣਾ ਹੈ।
ਜੇ ਅਸਮਾਨੀ ਲਾਉਣੀਆਂ ਉਡਾਰੀਆਂ,
ਤਾਂ ਖੰਭਾਂ ਨੂੰ ਮਜ਼ਬੂਤ ਕਰਨਾ ਪੈਣਾ ਹੈ।
ਬਣਨ ਲਈ ਸੋਨਾ ਤੈਨੂੰ,
ਭੱਠੀ ਵਿਚ ਵੀ ਮੱਘਣਾ ਪੈਣਾ ਹੈ।
ਆਪਣੇ ਹਿੱਸੇ ਦੇ ਦੁੱਖਾਂ ਨੂੰ,
ਆਪ ਹੀ ਸਹਿਣਾ ਪੈਣਾ ਹੈ।
ਬਣਨਾ ਪੈਣਾ ਤਲਵਾਰ ਤਿੱਖੀ,
ਕਦੀ ਝਾਂਸੀ ਬਣ ਜ਼ੁਲਮ ਦੇ ਅੱਗੇ,
ਡੱਟਣਾ ਤੈਨੂੰ ਪੈਣਾ ਹੈ।
ਦੁਰਗਾ ਬਣ ਕਦੀ ਆਹੂ ਲਾਹੁਣੇ,



ਮਹਿਖਾਸੁਰ ਨੂੰ ਹਰਾਉਣਾ ਪੈਣਾ ਹੈ।
ਗੱਲਾਂ ਬਾਤਾਂ ਨਾਲ਼ ਨਹੀਂ ਸਰਨਾ,
ਸਰੀਰ ਮਜਬੂਰ ਬਣਾਉਣਾ ਪੈਣਾ ਹੈ।
ਡਰ ਕੇ ਨਾ ਬਹਿ ਜਾਂਦੀ ਅੰਦਰ,
ਅਸਲੀ ਰੰਗ ਦਿਖਾਉਣਾ ਪੈਣਾ ਹੈ।
ਮਜ਼ਬੂਤ ਇਰਾਦੇ ਤੇ ਸਿਰੜ ਰੱਖਕੇ,

# ਲੈਕਚਰਾਰ ਦਵਿੰਦਰ ਪਾਲ ਬਾਤਿਸ਼

## ਦਿਲ ਅੰਦਰ ਪਿੰਡ ਵਸਦਾ



ਕੰਮਾਂ ਕਾਰਾਂ ਨੇ ਪਿੰਡ ਪੱਕਾ ਛੁਡਵਾ ਦਿੱਤਾ,
ਪਿੰਡੋਂ ਦੂਰ ਕਿਤੇ ਜਾ ਬਸੇਰਾ ਕਰਵਾ ਦਿੱਤਾ।
ਸਰੀਰ ਤਾਂ ਇੱਧਰ-ਉੱਧਰ ਭੱਜਦਾ ਰਿਹਾ,
ਦਿਲ ਦੇ ਅੰਦਰ ਪਿੰਡ ਸਦਾ ਵਸਦਾ ਰਿਹਾ।
ਥੱਕ ਹਾਰ ਕੇ ਕੰਮ ਤੋਂ ਜਦੋਂ ਵਾਪਸ ਆਉਣਾ,
ਪਿੰਡ ਦੀਆਂ ਯਾਦਾਂ ਅੰਦਰ ਸ਼ੋਰ ਪਾਉਣਾ।
ਮਨ ਦਾ ਉਡਾਰੀ ਮਾਰ ਕੇ ਪਿੰਡ ਜਾ ਵੜਨਾ,
ਚੰਗਾ ਲੱਗਣਾ ਪਿੰਡ ਦੀਆਂ ਗੱਲਾਂ ਕਰਨਾ।
ਬੜਾ ਫ਼ਰਕ ਕਰਨਾ ਪਿੰਡ ਅਤੇ ਸ਼ਹਿਰ ਦਾ,
'ਦੇਵ' ਚੇਤੇ ਆਉਣਾ ਪਿੰਡ ਦੀ ਠਹਿਰ ਦਾ।

The Hind CanaDian Times
A Multilingual Newspaper
WORLD, BUSINESS, LIFESTYLE, SPORTS
A weekly Leading Newspaper
Email : thehindcanadiantimes@gmail.com

# ਹਰਸ਼ ਦੀਪ ਕੌਰ

## ਬੇਗਾਨਾ ਬਾਪੂ

ਮੈਂ ਹੱਥ ਜੋੜ ਕੇ ਥੱਕ ਗਿਆ,
ਕੋਈ ਧੀ ਮੇਰੀ ਮੈਨੂੰ ਵਾਪਸ ਕਰ ਜੋ।
ਨਿਆਣੀ ਜਿਹੀ ਮੱਤ ਸੀ ਉਸਦੀ,
ਕੋਈ ਤਾਂ ਉਸਦੇ ਕੰਨਾਂ ਨੂੰ ਭਰ ਜੋ।
ਫਰਿਆਦ ਨਾ ਮੇਰੀ ਥਾਣੇ ਹੁੰਦੀ,
ਕੋਈ ਤਾਂ ਆ ਕੇ ਅਹਿਸਾਨ ਇਹ ਕਰ ਜੋ।
ਪਤਾ ਨਹੀ ਉਹ ਕਿਵੇਂ ਭੁੱਲ ਗਈ ਬਾਪੂ ਨੂੰ,
ਪਿਆਰ ਮੇਰੇ ਤੋਂ ਕਿਤੇ ਉਤੇ ਹੋ ਗਿਆ।
ਮੈਂ ਕਦੇ ਸੀ ਉਸਦਾ ਬਾਪੂ ਹੁੰਦਾ,
ਹੁਣ ਇਕ ਮਿੰਟ 'ਚ ਬੇਗਾਨਾ ਹੋ ਗਿਆ।
ਕੋਈ ਤਾਂ ਜਾ ਕੇ ਉਸ ਨੂੰ ਬੋਲ ਦੋ,
ਹਾਲਤ ਮੇਰੀ ਖ਼ਰਾਬ ਵੇ ਹੁੰਦੀ।
ਕੋਈ ਤਾਂ ਉਸ ਦਿਆਂ ਅੱਖਾਂ ਖੋਲ੍ਹ ਦੋ।
ਹੰਜੂ ਡਿਗਦੇ ਰੁੱਕ ਨਹੀ ਹੁੰਦੇ,
ਮੇਰੀ ਜਿੰਦਗੀ ਉਸ ਦੇ ਅਗੇ ਫਰੋਲ ਦੋ।
ਅੱਜ ਲਗਦਾ ਕੋਈ ਪਾਪ ਹੈ ਕੀਤਾ,
ਬੋਝ ਕਿਹੜਾ ਤੂੰ ਰੱਬ ਹੈ ਦਿਤਾ।
ਜੀਉਣ ਦੀ ਮੇਰੀ ਆਸ ਹੀ ਮੁੱਕ ਗਈ,
ਹੁਣ ਲਗਦਾ ਮੇਰੀ ਸਾਂਹ ਵੀ ਰੁੱਕ ਗਈ।
ਨਾ ਕੁੜੀਓ! ਕਦੇ ਇਹ ਨਾ ਕਰਿਓ,



ਪਿਆਰ ਪਿਛੇ ਨਾ ਬਾਬੂਲ ਛੱਡਿਓ।
ਜਿਵੇਂ ਤੁਹਾਨੂੰ ਲੋੜ ਸੀ ਪਰਛਾਵੇਂ ਦੀ,
ਸਮਾਂ ਆਉਣ ਤੇ ਪਿਉ ਦੇ ਪਰਛਾਵੇ ਬਣਿਓ।
ਪਰ ਕਦੇ ਵੀ ਮੇਰੇ ਵਾਂਗਰਾ ਕੋਈ,
ਬਾਪੂ ਨਾ ਬੇਗਾਨਾ ਕਰਿਓ।

# ਘੁੱਗੀ ਆਈ



ਆਥਣ ਹੋਇਆ ਘੁੱਗੀ ਆਈ,
ਬੋਟਾਂ ਲਈ ਥੋੜ੍ਹਾ ਚੋਗਾ ਲਿਆਈ
ਮਾਂ ਦੇਖ ਬੋਟ ਖੁਸ਼ ਹੋਏ,
ਪਹਿਲਾਂ ਹੱਸੇ ਫੇਰ ਉਹ ਰੋਏ।
ਘੁੱਗੀ ਪੁੱਛਦੀ ਰੋਂਦੇ ਕਿਉਂ ਹੋ?
ਇੱਕ ਦੂਜੇ ਤੋਂ ਖੋਂਹਦੇ ਕਿਉਂ ਹੋ?
ਕੱਲਿਆਂ ਦਾ ਸਾਡਾ ਜੀਅ ਨਾ ਲੱਗਦਾ,
ਦੋ ਦਾਣਿਆਂ ਨਾਲ ਸਾਡਾ ਢਿੱਡ ਨਾ ਰੱਜਦਾ।
ਬੱਚਿਓ ਐਨਾ ਨਾ ਘਬਰਾਓ,
ਭੁੱਖ ਸਹਿਣ ਦੀ ਆਦਤ ਪਾਓ।
ਨੇੜਿਓਂ ਤੇੜਿਓਂ ਮਿਲ਼ਣ ਨਾ ਚੋਗੇ,
ਆਦਮੀ ਨੂੰ ਵੀ ਕਹਿਣ ਨਾ ਜੋਗੇ।
ਵੀਹ ਕਰੋੜ ਭੁੱਖੇ ਸੌਂ ਜਾਂਦੇ,
ਪਰ ਕੁਝ ਪੀਜ਼ੇ ਬਰਗਰ ਖਾਂਦੇ।
ਭੁੱਖ ਗ਼ਰੀਬੀ ਬੇਰੁਜ਼ਗਾਰੀ,
ਦੇਸ਼ ਨੂੰ ਲੱਗੀ ਸੌ ਬੀਮਾਰੀ।
ਭਰੂਣ ਹੱਤਿਆਂ ਭ੍ਰਿਸ਼ਟਾਚਾਰ,
ਫਿਰਕਾਪ੍ਰਸਤੀ ਗਈ ਡੰਗ ਮਾਰ।
ਰੰਗ ਭੇਦ ਤੇ ਇਹ ਸਭ ਜਾਤਾਂ ਪਾਤਾਂ,
ਮਰੀ ਮਨੁੱਖਤਾ ਮੁੱਕ ਗਈਆਂ ਬਾਤਾਂ
ਇੰਨਾ ਕਹਿ ਉਹ ਚੁੱਪ ਕਰ ਗਈ,
ਨਾਲੇ ਓ ਲੰਮਾ ਹਉਂਕਾ ਭਰ ਗਈ।
ਸਾਰੇ ਜਾਣੇ ਖਾਮੋਸ਼ ਹੋ ਗਏ,
ਅੱਧੇ ਭੁੱਖੇ ਭਾਣੇ ਸੌਂ ਗਏ।
ਕਾਹਦਾ ਇਹ ਹੈ ਦੇਸ਼ ਮਹਾਨ,
ਜੀਵ ਜੰਤੂ ਦੁਖੀ ਇਨਸਾਨ।



ਮਾਸਟਰ ਪ੍ਰੇਮ ਸਰੂਪ ਛਾਜਲੀ

# ਨਿਰੀਖਣ

ਸ਼ਹਿਰ ਸਾਰਾ ਖਾਮੋਸ਼ ਹੋ ਗਿਆ
ਵਗਦੀ ਵਾਅ ਵੀ ਸਹਿਮ ਗਈ ਹੈ
ਹਰ ਰਾਹ ਮੋੜ ਚੌਰਾਹੇ ਉੱਤੇ
ਡਰ ਭੈਅ ਖੌਫ਼ ਦਾ ਲੱਗਾ ਪਹਿਰਾ ।

ਵੀਨ ਸੁਵੰਨੀਆਂ ਪੋਸ਼ਾਕਾਂ ਦਾ ਰੰਗ
ਬੇ-ਰੰਗ ਹੋ ਗਿਆ।

ਤਾਰਕੋਲ ਦੀਆਂ ਸੜਕਾਂ ਉੱਤੇ
ਵਰਦੀਧਾਰੀ ਬੂਟਾਂ ਦਾ ਖੜਾਕ ਹੈ ਜਾਰੀ।

ਏਸ ਸ਼ਹਿਰ ਵਿੱਚ
ਵਸਦੇ ਸ਼ਾਇਰ ਮਿੱਤਰੋ !
ਟੈਂਕੀ ਤੋਂ ਚਾਰਬੱਤੀ ਚੌਕ ਤੀਕਰ
ਨਵੇਂ ਸਿਰਜੇ ਇਤਿਹਾਸ ਦਾ
ਆਓ ਨਿਰੀਖਣ ਕਰੀਏ
ਯਖ਼ ਠੰਡੀਆਂ ਰਾਤਾਂ ਵਿੱਚ ਜਿਨ੍ਹਾਂ
ਸੋਚ ਕਾਂਗੜੀ ਮੱਘਦੀ ਰੱਖੀ ।




**ਗੁਰਦੀਪ ਗਿੱਲ**

# ਗ਼ਜ਼ਲ

ਪੱਨੇ ਜ਼ਿੰਦਗੀ ਦੇ ਖਿਲਰ ਦੇ ਗਏ ਹੰਝੂ ਵਹਿੰਦੇ ਰਹੇ।
ਇਲਜ਼ਾਮ ਤੇ ਇਲਜ਼ਾਮ ਹਰ ਵਕਤ ਲੋਕ ਲਾਉਂਦੇ ਰਹੇ ।

ਮੈਂ ਆਪਣੇ ਆਪ ਨੂੰ ਸਮਝ ਨਹੀਂ ਸਕਿਆ ਸਾਰੀ ਉਮਰ,
ਫਿਰ ਵੀ ਲੋਕ ਮੇਰੇ ਕੋਲ ਆ ਕੇ ਕਿਉਂ ਬਹਿੰਦੇ ਰਹੇ।




ਸਿਵਿਆਂ ਚ ਵਹਿੰਦੇ ਹੰਝੂ ਵੇਖ ਕੇ ਆਇਆ ਹਾਂ,
ਘਰ ਆ ਕੇ ਸਜਣ ਵੀ ਹੱਸ ਹੱਸ ਕੇ ਮਜ਼ਾ ਲੈਂਦੇ ਰਹੇ।

ਕੋਈ ਨਹੀਂ ਦੁਨੀਆਂ ਤੇ ਜੋ ਮੌਤ ਤੱਕ ਸਾਥ ਨਿਭਾਏ,
ਬਹੁਤ ਸਾਥੀ ਮਿਲ਼ੇ ਰਸਤੇ ਚ ਆਉਂਦੇ ਜਾਂਦੇ ਰਹੇ।

ਚੜ੍ਹਦਾ ਲਾਲੀ ਭਰਿਆ ਸੂਰਜ ਮਿਲ਼ ਜਾਏਗਾ ਕਦੇ,
ਏਸੇ ਲਈ ਤਾਹਨੇ ਮਿਹਣੇ ਦੁਨੀਆਂ ਦੇ ਸਹਿੰਦੇ ਰਹੇ।

ਆਪਣਿਆਂ ਤੋਂ ਵੀ ਮੁਹੱਬਤ ਦੀ ਆਸ ਨਾ ਰੱਖੀਂ,
ਉਹ ਵੀ ਦਮੜੀ ਵੰਡਦੇ ਆਪਸ ਚ ਖਹਿੰਦੇ ਰਹੇ।

# ਸੁਧੀਰ ਕੁਮਾਰ

## ਸ਼ਹਿਰ ਵਿੱਚ



ਸ਼ਹਿਰ ਵਿੱਚ
ਲੋਕਾਂ ਦੀ ਭੀੜ
ਭੱਜ ਨੱਠ
ਅਫ਼ਰਾ ਤਫ਼ਰੀ
ਕਿਸੇ ਕੋਲ ਵਿਹਲ ਨਹੀਂ ਕਿਸੇ
ਲਈ।

ਸ਼ਹਿਰ ਵਿੱਚ
ਗਲ਼ੀਆਂ ਵਿੱਚ
ਦੂਰੋਂ ਹੈਲੋ ਦਾ ਇਸ਼ਾਰਾ
ਜਾਂ
ਹੱਥ ਨਾਲ ਹੱਥ ਛੁਹਾ ਕੇ
ਹਾਲ ਪੁੱਛਣ ਦੀ ਰਸਮ
ਗਰਮਜੋਸ਼ੀ ਵਾਲੇ ਹੱਥ
ਹੁਣ ਯੱਖ ਠੰਡੇ ਹਨ।
ਨਹੀਂ ਰਹੀਆਂ ਉਹ ਬਾਹਾਂ
ਜਿਹੜੀਆਂ ਗਲਵੱਕੜੀ ਹੋਣਾ
ਲੋਚਣ।

ਸ਼ਹਿਰ ਵਿੱਚ
ਬਾਜ਼ਾਰਾਂ ਵਿੱਚਲੀ ਚਹਿਲ ਪਹਿਲ
ਖੋਈ ਖੋਈ
ਨਾ ਮੰਜ਼ਿਲ
ਨਾ ਮਕਸਦ
ਭੀੜ ਵੇਚ ਆਉਂਦੀ ਹੈ ਸਕੂਨ
ਤੇ ਖ਼ਰੀਦ ਲਿਆਉਂਦੀ ਹੈ ਭਟਕਣ।
ਦੁਕਾਨਾਂ ਭੀੜ ਦਾ ਸਭ ਕੁਝ
ਹਰ ਲੈਂਦੀਆਂ ਹਨ।

ਸ਼ਹਿਰ ਵਿੱਚ
ਲੋਕ ਆਪਣੇ ਘਰਾਂ ਵਿੱਚ
ਆਪਣੇ ਆਪਣੇ ਕਮਰਿਆਂ ਵਿੱਚ
ਕੈਦ ਹੋ ਕੇ ਰਹਿ ਗਏ ਹਨ
ਰਿਸ਼ਤਿਆਂ ਤੋਂ ਟੁੱਟ ਕੇ
ਪੜੋਸੀਆਂ ਤੋਂ ਕੱਟ ਕੇ
ਜੁੜ ਬੈਠੇ ਹਨ
ਇੰਟਰਨੈੱਟ ਨਾਲ
ਡਾਟ ਕਾਮ ਦੇ *.* ਡਾਟ ਵਿਚ
ਸਿਮਟ ਕੇ
ਸੰਸਾਰ ਨਾਲ ਜੁੜਣ ਦਾ ਭਰਮ
ਪਾਲ ਕੇ
ਖੁਸ਼ਫਹਿਮੀ ਦਾ ਸ਼ਿਕਾਰ
ਹੋ ਕੇ।

ਸ਼ਹਿਰ ਵਿੱਚ
ਹਵਾ ਗੰਧਲੀ
ਫਿਜ਼ਾ ਧੁੰਦਲੀ
ਜੀਵਨ ਅਸੁਰੱਖਿਅਤ
ਸਭ ਕੁਝ ਸ਼ੋਰ-ਸ਼ਰਾਬਾ
ਹਰ ਪਲ ਜ਼ੋਖਿਮ ਭਰਿਆ
ਲਹੂ ਪੀਂਦੀਆਂ ਸੜਕਾਂ
ਸ਼ਹਿਰ!
ਬਸ ਹੁਣ ਕਹਿਰ।

ਸ਼ਹਿਰ ਹੁਣ
ਮਹਾਨਗਰ ਹੋਣ ਦਾ ਸੁਪਨਾ ਲੈ
ਰਿਹੈ
ਤੇ ਮੈਂ
ਸ਼ਹਿਰ ਵਿੱਚ ਰਹਿੰਦਾ ਹਾਂ।









ਸੰਪਰਕ :

ਸਰੀ (ਕੈਨੇਡਾ) ਆਫ਼ਿਸ : +16043086663

ਬਰਮਿੰਘਮ (ਯੂ.ਕੇ.) ਆਫ਼ਿਸ : +447944101658

ਤੁਸੀਂ ਸਾਡੇ ਇੰਡੀਆ ਆਫ਼ਿਸ ਇਸ ਨੰਬਰ ਤੇ ਕਾਲ ਜਾਂ ਵੱਟਸਐਪ ਕਰ ਸਕਦੇ ਹੋ : +917009770591

ਈ-ਮੇਲ : kavsansaar@gmail.com




ਅੰਤਰਰਾਸ਼ਟਰੀ ਮੈਗਜ਼ੀਨ

# ਕਾਵਿ-ਸੰਸਾਰ


ਵਰਿੰਦਰ ਸਿੰਘ ਵਿਰਦੀ

(ਮੁੱਖ-ਸੰਪਾਦਕ ਤੇ ਸੰਚਾਲਕ)

Email : kavsansaar@gmail.com



ਮਾਂ ਬੋਲੀ ਸਰੋਕਾਰ!




ਦੂਜੇ ਰੈਕਾਂ ਲਾਇਬ੍ਰੇਰੀ ਦਿਆਂ
'ਤੇ ਕਦੀ ਆਵਣ-ਜਾਵਣ
ਹੋਰ ਭਾਸ਼ਾਵਾਂ ਦੀਆਂ
ਮੇਰੀਆਂ ਕਿਤਾਬਾਂ-ਭੈਣਾਂ

ਪੜ੍ਹਨ ਵਾਲੇ ਰੱਖ ਉਨ੍ਹਾਂ
ਹੱਥਾਂ ਵਿੱਚ, ਖੁਸ਼ ਹੁੰਦੇ
ਕਿਉਂ ਵੇਖਦਾ ਨਾ ਅੱਥਰੂ
ਕੋਈ ਮੇਰਿਆਂ ਨੈਣਾਂ?

-ਐਸ਼



-© 2021 -2023 All rights reserved by ASH, Poet & Sociologist,CA USA
English Author, Now writing in Punjbi. GNDU Topper 1986

# ਵੈਨਕੂਵਰ ਵਿਚਾਰ ਮੰਚ ਵੱਲੋਂ ਗੀਤਾਂ ਦੇ ਬਾਦਸ਼ਾਹ ਬਾਬੂ ਸਿੰਘ ਮਾਨ ਨਾਲ ਰੂਬਰੂ ਪ੍ਰੋਗਰਾਮ

ਸਰੀ, (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਗੀਤਾਂ ਦੇ ਬਾਦਸ਼ਾਹ ਬਾਬੂ ਸਿੰਘ ਮਾਨ (ਮਰਾੜ੍ਹਾਂ ਵਾਲੇ) ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਕਰਵਾਏ ਇਸ



ਪ੍ਰੋਗਰਾਮ ਵਿਚ ਬਾਬੂ ਸਿੰਘ ਮਾਨ ਨੇ ਆਪਣੇ ਗੀਤਕਾਰੀ ਦੇ ਸਫਰ ਦੀ ਸ਼ੁਰੂਆਤ ਤੋਂ ਲੈ ਕੇ ਸਫਲਤਾ ਦੀ ਚੋਟੀ ਤੱਕ ਪੁੱਜਣ ਅਤੇ ਇਸ ਸਫਰ ਦੇ ਕਈ ਦਿਲਚਸਪ ਪਹਿਲੂਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਰੂਬਰੂ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਮੰਚ ਦੇ ਬੁਲਾਰੇ ਅੰਗਰੇਜ਼ ਬਰਾੜ ਨੇ ਬਾਬੂ ਸਿੰਘ ਮਾਨ ਅਤੇ ਹਾਜਰ ਸਰੋਤਿਆਂ ਦਾ ਸਵਾਗਤ ਕੀਤਾ। ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਮੰਚ ਦੀ ਸਥਾਪਨਾ ਅਤੇ ਇਸ ਦੇ ਉਦੇਸ਼ ਬਾਰੇ ਦਸਦਿਆਂ ਕਿਹਾ ਕਿ ਇਹ ਇਕ ਅਜਿਹਾ ਪਲੇਟਫਾਰਮ ਹੈ ਜਿੱਥੇ ਵੱਖੋ ਵੱਖਰੀ ਸੋਚ ਰੱਖਣ ਵਾਲੇ ਲੇਖਕ, ਸਮਾਜ ਸੇਵੀ, ਪੱਤਰਕਾਰ, ਵਿਦਵਾਨ, ਕਲਾਕਾਰ ਅਤੇ ਹੋਰ ਸ਼ਖ਼ਸੀਅਤਾਂ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰ ਸਕਦੇ ਹਨ।

ਮੰਚ ਸੰਚਾਲਕ ਮੋਹਨ ਗਿੱਲ ਨੇ ਬਾਬੂ ਸਿੰਘ ਮਾਨ ਬਾਰੇ ਸੰਖੇਪ ਵਿਚ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਗੀਤ ਪੰਜਾਬ ਦੇ ਸਮਾਜਿਕ ਜੀਵਨ ਅਤੇ ਪੇਂਡੂ ਸਭਿਆਚਾਰ ਦੀ ਖੂਬਸੂਰਤ ਤਸਵੀਰਕਸ਼ੀ ਕਰਦੇ ਹਨ। ਬਾਬੂ ਸਿੰਘ ਮਾਨ ਨੇ ਦੱਸਿਆ ਕਿ ਸਰਕਾਰੀ ਹਾਈ ਸਕੂਲ ਜੰਡ ਸਾਹਿਬ ਵਿਚ ਪੜ੍ਹਦਿਆਂ ਸਕੂਲ ਦੇ ਪ੍ਰੋਗਰਾਮਾਂ ਵਿਚ ਨਾਟਕ ਖੇਡਣ ਤੋਂ ਉਨ੍ਹਾਂ ਨੂੰ ਕੁਝ ਲਿਖਣ ਦੀ ਚੇਟਕ ਲੱਗੀ। ਫਿਰ ਸੋਹਣ ਸਿੰਘ ਸੀਤਲ ਦੀਆਂ ਕਵੀਸ਼ਰੀਆਂ ਦੀਆਂ ਕਿਤਾਬਾਂ ਪੜ੍ਹੀਆਂ ਅਤੇ ਸਾਥੀਆਂ ਨਾਲ ਮਿਲ ਕੇ ਕਵੀਸ਼ਰੀ ਗਾਉਣੀ ਸ਼ੁਰੂ ਕਰ ਦਿੱਤੀ। ਬਰਜਿੰਦਰਾ ਕਾਲਜ ਫਰੀਦਕੋਟ ਵਿਚ ਪੜ੍ਹਦਿਆਂ ਕਵਿਤਾ ਲਿਖਣ

ਲੱਗ ਪਏ ਅਤੇ ਏਥੇ ਹੀ ਉਨ੍ਹਾਂ ਦੇ ਪ੍ਰੋ. ਸੁਰਿੰਦਰ ਸਿੰਘ ਨਰੂਲਾ ਵੱਲੋਂ ਮਿਲੀ ਯੋਗ ਅਗਵਾਈ ਸਦਕਾ ਉਨ੍ਹਾਂ ਦੇ ਲਿਖਣ ਕਾਰਜ ਵਿਚ ਅਹਿਮ ਮੋੜ ਆਇਆ ਅਤੇ ਉਹ ਗੀਤਾਂ ਦੀ ਰਚਨਾ ਸ਼ੁਰੂ ਕਰ ਦਿੱਤੀ।

ਉਨ੍ਹਾਂ ਦੱਸਿਆ ਕਿ ਆਪਣੇ ਗੀਤਾਂ ਵਿਚ ਉਨ੍ਹਾਂ ਸਮਾਜ, ਸਭਿਆਚਾਰ ਅਤੇ ਰਿਸ਼ਤੇ-ਨਾਤਿਆਂ ਦੇ ਯਥਾਰਥ ਨੂੰ ਲੋਕ ਬੋਲੀ ਵਿਚ ਪੇਸ਼ ਕੀਤਾ ਹੈ ਜੋ ਸੱਚ ਦੇ ਨੇੜੇ ਹੈ ਅਤੇ ਲੋਕਾਂ ਦੀ ਬੋਲੀ ਵਿਚ ਪੇਸ਼ ਕੀਤੀਆਂ ਸਿੱਧ ਪੱਧਰੀਆਂ ਗੱਲਾਂ ਹਨ। ਸ਼ਾਇਦ ਏਸੇ ਕਾਰਨ ਹੀ ਪੁਰਾਣੇ ਗੀਤ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਹਨ। ਉਨ੍ਹਾਂ ਦੱਸਿਆ ਕਿ ਗੀਤ ਲਿਖਣ ਤੋਂ ਪਹਿਲਾਂ ਆਪਣੇ ਮਨ ਵਿਚ ਇਕ ਤਸਵੀਰ ਸਿਰਜਦੇ ਹਨ ਅਤੇ ਫਿਰ ਉਸ ਤਸਵੀਰ ਨੂੰ ਗੀਤ ਦੇ ਬੋਲਾਂ ਰਾਹੀਂ ਉਜਾਗਰ ਕਰਨ ਦਾ ਯਤਨ ਕਰਦੇ ਹਨ। 'ਕਾਲਾ ਘੱਗਰਾ ਸੰਦੂਕ ਵਿਚ ਮੇਰਾ' ਅਤੇ 'ਗਲੀ ਗਲੀ ਵਣਜਾਰਾ ਫਿਰਦਾ' ਗੀਤਾਂ ਤੋਂ ਸ਼ੁਰੂਆਤ ਕਰਕੇ 1963 ਵਿਚ ਉਨ੍ਹਾਂ ਦੇ ਗੀਤਾਂ ਦੀ ਪਹਿਲੀ ਕਿਤਾਬ ਗੀਤਾਂ ਦਾ ਵਣਜਾਰਾ ਛਪੀ ਅਤੇ ਇਹ ਕਿਤਾਬ ਲੱਖਾਂ ਦੀ ਗਿਣਤੀ ਵਿਚ ਵਿਕੀ। ਉਨ੍ਹਾਂ ਦੱਸਿਆ ਕਿ 1984 ਤੱਕ ਉਨ੍ਹਾਂ ਨੂੰ ਕਿਤਾਬਾਂ ਤੋਂ ਹਰ ਮਹੀਨੇ ਏਨੀ ਰਿਆਲਟੀ ਆਉਂਦੀ ਕਿ ਓਨੀ ਡੀ.ਸੀ., ਐਸ.ਐਸ.ਪੀ. ਦੀ ਤਨਖਾਹ ਵੀ ਨਹੀਂ ਸੀ ਹੁੰਦੀ। ਉਨ੍ਹਾਂ ਇਹ ਵੀ ਕਿਹਾ ਕਿ ਰਿਕਾਰਡ ਹੋਏ ਗੀਤਾਂ ਤੋਂ ਅੱਜ ਵੀ ਉਨ੍ਹਾਂ ਨੂੰ ਇਕ ਲੱਖ ਰੁਪਏ ਮਹੀਨਾ ਰਿਆਲਟੀ ਆ ਜਾਂਦੀ ਹੈ।




ਇਸ ਮੌਕੇ ਉਨ੍ਹਾਂ ਗੀਤਕਾਰੀ ਸਫਰ ਦੇ ਕਈ ਦਿਲਚਸਪ ਕਿੱਸੇ ਬਿਆਨ ਕੀਤੇ ਅਤੇ 'ਗਲੀ ਗਲੀ ਵਣਜਾਰਾ ਫਿਰਦਾ ਹਾਕ ਮਾਰ ਲਿਆ ਸੂ ਬੁਲਾ' ਅਤੇ 'ਸੱਸੀ ਪੁੰਨੂੰ' ਗੀਤ ਵੀ ਸੁਣਾਏ। ਹਾਜਰ ਸਰੋਤਿਆਂ ਵੱਲੋਂ ਉਨ੍ਹਾਂ ਦੇ ਗੀਤ 'ਆ ਗਿਆ ਵਣਜਾਰਾ ਨੀ ਚੜ੍ਹਾ ਲੈ ਭਾਬੀ ਚੂੜੀਆਂ' ਨੂੰ ਉਸ ਸਮੇਂ ਦੀ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਤਸਵੀਰ ਦੀ ਬਾਖੂਬੀ ਮਿਸਾਲ ਦੱਸਿਆ। ਇਸ ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਡਾ. ਸੁਖਵਿੰਦਰ ਵਿਰਕ, ਇੰਦਰਜੀਤ ਸਿੰਘ ਸਿੱਧੂ, ਹਰਮਿੰਦਰ ਰੇਹਲ, ਅਸ਼ੋਕ ਭਾਰਗਵ, ਦਵਿੰਦਰ ਸਿੰਘ ਦੂਲੇ, ਠਾਣਾ ਸਿੰਘ, ਗੁਰਦੀਪ ਭੁੱਲਰ, ਬਿੱਲਾ ਤੱਖੜ, ਨਵਰੂਪ ਸਿੰਘ ਅਤੇ ਹਰਦਮ ਸਿੰਘ ਮਾਨ ਹਾਜਰ ਸਨ।



ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ

# ਪੰਜਾਬ ਸਾਹਿਤ ਅਕਾਦਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋ ਬਰੈਂਪਟਨ ਵਿਚ ਕਵੀ ਦਰਬਾਰ ਕਰਵਾਇਆ ਗਿਆ




ਬਰੈਂਪਟਨ ਕੈਨੇਡਾ ਵਿੱਚ ਪੰਜਾਬ ਸਾਹਿਤ ਅਕਾਦਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਸੰਸਥਾ ਨਾਲ ਮਿਲ ਕੇ ਰਾਮਗੜੀਆ ਭਵਨ ਵਿਖੇ ਕਵੀ ਦਰਬਾਰ ਕਰਵਾਇਆ ਗਿਆ। ਡਾਕਟਰ ਸਰਬਜੀਤ ਕੌਰ ਸੋਹਲ ਪ੍ਰਧਾਨ ਪੰਜਾਬ ਸਾਹਿਤ ਅਕਾਦਮੀ ਚੰਡੀਗੜ ਦੀ ਸਰਪ੍ਰਸਤੀ ਹੇਠ ਅਕਾਦਮੀ ਵੱਲੋ ਪਹਿਲੀ ਵਾਰ ਭਾਰਤ ਤੋਂ ਬਾਹਰ ਸਮਾਗਮਾਂ ਦੀ ਸ਼ੁਰੂਆਤ ਕਰਨ ਦਾ ਉਪਰਾਲਾ ਅਕਾਦਮੀ ਦੇ ਕਾਰਜਕਾਰਨੀ ਮੈਂਬਰ ਅਰਵਿੰਦਰ ਢਿੱਲੋਂ ਵੱਲੋ 2022 ਦੇ ਵਿੱਚ ਸ਼ੁਰੂਆਤ ਕੀਤੀ ਗਈ। ਜਿਸ ਵਿੱਚ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਰਮਿੰਦਰ ਰੰਮੀ , ਸੁਰਜੀਤ ਕੌਰ ਸਰਪ੍ਰਸਤ , ਸ ਪਿਆਰਾ ਸਿੰਘ ਕੁੱਦੋਵਾਲ ਚੀਫ਼ ਐਡਵਾਈਜ਼ਰ ਤੇ ਰਿੰਟੂ ਭਾਟੀਆ ਪ੍ਰਧਾਨ ਤੇ ਜਗਤ ਪੰਜਾਬੀ ਸਭਾ ਦੇ ਚੇਅਰਮੈਨ ਸ ਅਜੈਬ ਸਿੰਘ ਚੱਠਾ ਦਾ ਸਹਿਯੋਗ ਕਾਬਿਲੇ ਤਾਰੀਫ਼ ਹੈ ।

ਅੱਜ ਦਾ ਇਹ ਸਮਾਗਮ ਵੀ ਰਮਿੰਦਰ ਰੰਮੀ ਫ਼ਾਊਂਡਰ ਤੇ ਪ੍ਰਬੰਧਕ ਅੰਤਰ ਰਾਸ਼ਟਰੀ ਸਹਿਤਕ ਸਾਂਝਾ ਤੇ ਅਸੋਸੀਏਟ ਮੈਂਬਰ ਪੰਜਾਬ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਆਰ ਐਸ ਐਫ ਓ ਦੇ ਚੇਅਰਮੈਨ ਸ ਦਲਜੀਤ ਸਿੰਘ ਗੈਦੂ ਜੀ ਤੇ ਜਨਰਲ ਸਕੱਤਰ ਸ ਹਰਦਿਆਲ ਸਿੰਘ ਝੀਤਾ ਜੀ ਦਾ ਵਿਸ਼ੇਸ਼ ਸਹਿਯੋਗ ਹੁੰਦਾ ਹੈ । ਉਹਨਾਂ ਦੇ ਹਾਲ ਵਿੱਚ ਇਹ ਪ੍ਰੋਗਰਾਮ ਕਰਵਾਇਆ ਜਾਂਦਾ ਹੈ ਤੇ ਸਾਨੂੰ ਹਰ ਤਰਹ ਦਾ ਸਹਿਯੋਗ ਉਹ ਕਰਦੇ ਹਨ । ਅਸੀਂ ਉਹਨਾਂ ਦੇ ਦਿਲੋਂ ਸ਼ੁਕਰਗੁਜ਼ਾਰ ਹਾਂ ।

ਅੱਜ ਦੇ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪਿਆਰਾ ਸਿੰਘ ਕੁੱਦੋਵਾਲ ਅਤੇ ਪ੍ਰਧਾਨਗੀ ਅਰਵਿੰਦਰ ਢਿੱਲੋਂ,ਵਿਸ਼ੇਸ਼ ਮਹਿਮਾਨ ਅਜੈਬ ਸਿੰਘ ਚੱਠਾ,ਕੁਲਦੀਪ ਕੌਰ ਪਾਹਵਾ ਸ਼ਾਮਿਲ ਹੋਏ। ਹਰਦਿਆਲ ਸਿੰਘ ਝੀਤਾ ਨੇ ਸਮਾਗਮ ਦਾ ਸੰਚਾਲਨ ਬਾਖ਼ੂਬੀ ਕੀਤਾ ।

ਹਾਜ਼ਰੀਨ ਮੈਂਬਰਜ਼ ਨੂੰ ਜੀ ਆਇਆਂ ਕਹਿੰਦੇ ਹੋਏ ਰਮਿੰਦਰ ਰੰਮੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਤੇ ਟੀਮ ਮੈਂਬਰਜ਼ ਬਾਰੇ ਦੱਸਦਿਆਂ ਇਹ ਵੀ ਕਿਹਾ ਕਿ ਨਵੰਬਰ 13,2020 ਤੋਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਮਹੀਨਾਵਾਰ 2.3 ਪ੍ਰੋਗਰਾਮ ਹੋ ਰਹੇ ਹਨ ਤੇ ਮਹੀਨਾਵਾਰ ਈ ਮੈਗਜ਼ੀਨ ਵੀ  ਨਿਰੰਤਰ ਪਬਲਿਸ਼ ਹੋ ਕੇ ਆ ਰਹੀ ਹੈ । ਜੱਦ ਦੀ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਹੋਂਦ ਵਿੱਚ ਆਈ ਤੇ ਉਸਦੇ ਪ੍ਰੋਗਰਾਮ ਲਗਾਤਾਰ ਅੰਤਰਰਾਸ਼ਟਰੀ ਪੱਧਰ ਤੇ ਹੋ ਰਹੇ ਹਨ ਪਹਿਲੇ ਦਿਨ ਤੋਂ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ ਸਰਬਜੀਤ ਕੌਰ ਸੋਹਲ ਜੀ ਦਾ ਪਿਆਰ , ਸਾਥ ਤੇ ਸਹਿਯੋਗ ਮਿਲਦਾ ਆ ਰਿਹਾ ਹੈ । ਇਸ ਸੰਸਥਾ ਦੇ ਉਹ ਮਜ਼ਬੂਤ ਥੰਮ ਹਨ ।ਅਸੀਂ ਰਿਣੀ ਹਾਂ ਇਹਨਾਂ ਦੇ ਤੇ ਮਾਣ ਮਹਿਸੂਸ ਹੁੰਦਾ ਹੈ ਕਿ ਇਹਨਾਂ ਨਾਲ ਮਿਲਕੇ ਸਾਂਝੇ ਪ੍ਰੋਗਰਾਮ ਕਰ ਰਹੇ ਹਾਂ ਜੀ । ਪੰਜਾਬ ਸਾਹਿਤ ਅਕਾਦਮੀ ਦੀ ਇਹ ਰੂਹ ਹਨ , ਬਹੁਤ ਲਗਨ , ਹਿੰਮਤ , ਸਿਰੜ , ਜਨੂੰਨ ਨਾਲ ਕੰਮ ਕਰ ਰਹੇ ਹਨ । ਸਿੱਜਦਾ ਕਰਨਾ ਤੇ ਬਣਦਾ ਹੈ ।

ਅਰਵਿੰਦਰ ਢਿੱਲੋਂ ਨੇ ਮੈਡਮ ਸੋਹਲ ਦੀ ਅਗਵਾਈ ਵਿੱਚ ਕੀਤੇ ਕੰਮਾਂ ਦਾ ਜ਼ਿਕਰ ਕੀਤਾ ਅਤੇ ਅਕਾਦਮੀ ਬਾਰੇ ਜਾਣਕਾਰੀ ਸਾਂਝੀ ਕੀਤੀ। ਗਿਆਨ ਸਿੰਘ ਘਈ ਨੇ  ਕਵਿਤਾ ਖ਼ੂਬਸੂਰਤ ਰੂਪ ਵਿੱਚ ਪੇਸ਼ ਕੀਤੀ । ਗਿਆਨ ਸਿੰਘ ਦਰਦੀ ਨੇ ਗ਼ਜ਼ਲ ਪੇਸ਼ ਕੀਤੀ , ਡਾ ਜਸਪਾਲ ਸਿੰਘ ਦੇਸੂਵੀ ਨੇ ਆਪਣੇ ਅੰਦਾਜ਼ ਵਿੱਚ ਗ਼ਜ਼ਲ ਅਤੇ ਬਲਜਿੰਦਰ ਕੌਰ ਨੇ ਤਰੰਨਮ ਵਿਚ ਪੰਜਾਬ ਦੇ ਹਾਲਾਤ ਤੇ ਗੀਤ ਸਮਾਗਮ ਦਾ ਸਿਖਰ ਹੋ ਨਿਬੜਿਆ।ਸੁਰਜੀਤ ਕੌਰ ਨੇ ਆਪਣੀ ਕਵਿਤਾ ਨੂੰ ਆਪਣੇ ਵੱਖਰੇ ਅੰਦਾਜ਼ ਵਿੱਚ ਪੇਸ਼ ਕੀਤਾ ।ਸ ਪ੍ਰਿਤਪਾਲ ਸਿੰਘ ਝੱਗਰ ਜੀ ਵੀ ਵਿਸ਼ੇਸ਼ ਤੌਰ ਤੇ ਇਸ ਸਮਾਗਮ ਵਿੱਚ ਪਹੁੰਚੇ ਤੇ ਸਫ਼ਲ ਪ੍ਰੋਗਰਾਮ ਤੇ ਵਧਾਈ ਦਿੱਤੀ ।




ਸਤਿੰਦਰ ਕਾਹਲੋਂ ਅਸੋਸੀਏਟ ਮੈਂਬਰ ਪੰਜਾਬ ਸਾਹਿਤ

ਅਕਾਦਮੀ ਨੇ ਵੀ ਦੱਸਿਆ ਕਿ ਰਮਿੰਦਰ ਰੰਮੀ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਤੇ ਪੰਜਾਬ ਸਾਹਿਤ ਅਕਾਦਮੀ ਵੱਲੋਂ ਕੈਨੇਡਾ ਵਿਖੇ ਮਿਲਕੇ ਅੰਤਰਰਾਸ਼ਟਰੀ ਆਨ ਲਾਈਨ ਤੇ ਆਫ਼ ਲਾਈਨ ਪ੍ਰੋਗਰਾਮ ਕਰਾ ਰਹੇ ਹਨ । ਉਹਨਾਂ ਕਿਹਾ ਕਿ ਪੰਜਾਬ ਸਾਹਿਤ ਅਕਾਦਮੀ ਤੇ ਅਕਾਦਮੀ ਪ੍ਰਧਾਨ ਡਾ ਸਰਬਜੀਤ ਕੌਰ ਸੋਹਲ ਦੀਆਂ ਇਹਨਾਂ ਕਾਰਗੁਜ਼ਾਰੀਆਂ ਦੀ ਹਰ ਪਾਸੇ ਚਰਚਾ ਹੋ ਰਹੀ ਹੈ ।

ਹੋਰ ਕਵੀਆਂ ਵਿੱਚ ਰਿੰਟੂ ਭਾਟੀਆ , ਦੀਪਕੁਲਦੀਪ,ਪਰਮਿੰਦਰ ਸਿੰਘ ਗਿੱਲ,ਕੁਲਵੰਤ ਕੌਰ ਗੈਦੂ , ਜਗੀਰ ਸਿੰਘ ਕਾਹਲੋਂ , ਜਨਾਬ ਮਕਸੂਦ ਚੌਧਰੀ ਅਤੇ ਅਮਰਜੀਤ ਪੰਛੀ ਨੇ ਆਪਣੇ ਅੰਦਾਜ਼ ਵਿੱਚ ਗ਼ਜ਼ਲ ਦੀ ਪੇਸ਼ਕਾਰੀ ਯਾਦਗਾਰੀ ਹੋ ਨਿਬੜੀ ।

ਅਜੈਬ ਸਿੰਘ ਚੱਠਾ ਨੇ ਕਿਹਾ ਅਕਾਦਮੀ ਵਧਾਈ ਦੀ ਪਾਤਰ ਜਿਸ ਨੇ ਵੱਡੇ ਯਤਨਾਂ ਨਾਲ ਭਾਰਤ ਤੋਂ ਬਾਹਰ ਸਮਗਮਾ ਦੀ ਸ਼ੁਰੂਆਤ ਅਰਵਿੰਦਰ ਢਿੱਲੋਂ ਨੇ ਕੀਤੀ।ਇਸ ਲਈ ਡਾਕਟਰ ਸਰਬਜੀਤ ਕੌਰ ਸੋਹਲ ਅਤੇ ਅਰਵਿੰਦਰ ਢਿੱਲੋਂ ਨੇ ਇੱਕ ਇਤਹਾਸ ਸਿਰਜਿਆ । ਰਮਿੰਦਰ ਰੰਮੀ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਤੇ ਪੰਜਾਬ ਸਾਹਿਤ ਅਕਾਦਮੀ ਦੇ ਲਗਾਤਾਰ ਪ੍ਰੋਗਰਾਮ ਕਰਾ ਰਹੇ ਹਨ ।

ਕੁਲਦੀਪ ਕੌਰ ਪਾਹਵਾ ਨੇ ਸਮਾਗਮ ਨੂੰ ਯਾਦਗਾਰੀ ਦੱਸਿਆ ।ਅਰਵਿੰਦਰ ਢਿੱਲੋਂ ਨੇ ਪ੍ਰਧਾਨਗੀ ਭਾਸ਼ਣ ਵਿੱਚ ਕਵਿਤਾ ਦੀ ਸਮਕਾਲੀ ਸਥਿਤੀ ਦੀ ਗੱਲ ਕੀਤੀ ਅਤੇ ਸੰਸਾਰ ਵਿੱਚ ਭਾਸ਼ਾਵਾਂ ਕਿਵੇਂ ਮਰ ਰਹੀਆਂ ਹਨ ਬਾਰੇ ਦੱਸਿਆ ਕੈਨੇਡਾ ਅਤੇ ਅਮਰੀਕਾ ਦੇ ਸੰਦਰਭ ਵਿੱਚ ਗੱਲ ਸਾਂਝੀ ਕੀਤੀ।

ਮੁੱਖ ਮਹਿਮਾਨ ਪਿਆਰਾ ਸਿੰਘ ਕੁੱਦੋਵਾਲ ਨੇ ਸਮਾਗਮ ਦੀ ਸਫਲਤਾ ਲਈ ਮੁਬਾਰਕਬਾਦ ਦਿੱਤੀ ਤੇ ਆਏ ਹੋਏ ਸੱਭ ਮਹਿਮਾਨਾਂ ਦਾ ਧੰਨਵਾਦ ਕੀਤਾ । ਉਹਨਾਂ ਇਹ ਵੀ ਕਿਹਾ ਕਿ ਅੱਜ ਦਾ ਇਹ ਸਫਲ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ ਹੈ । ਅਤੇ ਸੋਸ਼ਲ ਮੀਡੀਆ ਦੇ ਮਹੱਤਵ ਬਾਰੇ ਦੱਸਿਆ ਇਸ ਦੌਰ ਦੀ ਕਵਿਤਾ ਦੀ ਗੱਲ ਕੀਤੀ । ਅਖੀਰ ਵਿੱਚ ਰਮਿੰਦਰ ਰੰਮੀ ਤੇ ਪ੍ਰਬੰਧਕੀ ਟੀਮ ਮੈਂਬਰਜ਼ ਵੱਲੋ ਮਹਿਮਾਨਾਂ ਨੂੰ ਫੁਲਕਾਰੀਆਂ ਤੇ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ ।




ਜਗਤ ਪੰਜਾਬੀ ਸਭਾ ਦੇ ਚੇਅਰਮੈਨ ਸ ਅਜੈਬ ਸਿੰਘ ਚੱਠਾ , ਓਨਟਾਰੀਓ ਫ਼ਰੈਂਡ ਕਲੱਬ ਦੇ ਪ੍ਰਧਾਨ ਸੰਤੋਖ ਸਿੰਘ ਸੰਧੂ , ਸਤਿੰਦਰ ਕੌਰ ਕਾਹਲੋਂ ਤੇ ਅਰਵਿੰਦਰ ਢਿੱਲੋਂ ਵੱਲੋਂ ਰਮਿੰਦਰ ਰੰਮੀ ਨੂੰ ਪੈਂਤੀ ਅੱਖਰਾਂ ਵਾਲਾ ਦੁਪੱਟਾ ਤੇ ਐਮ ਪੀ ਰੂਬੀ ਸਹੋਤਾ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ।

**ਰਮਿੰਦਰ ਰੰਮੀ**
**ਫ਼ਾਊਂਡਰ ਤੇ ਪ੍ਰਬੰਧਕ**
**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ**
**ਅਸੋਸੀਏਟ ਮੈਂਬਰ**
**ਪੰਜਾਬ ਸਾਹਿਤ ਅਕਾਦਮੀ**

# ਓਂਟਾਰੀਓ ਫਰੈਂਡਸ ਕਲੱਬ ਵਲੋਂ ਜੀਵਨ ਜਾਂਚ ਵਿਸ਼ੇ ਤੇ ਸੈਮੀਨਾਰ

ਬਰੈਂਪਟਨ ਓਂਟਾਰੀਓ ਫਰੈਂਡ ਕਲੱਬ ਵੱਲੋ ਰਦਰ ਫੋਰਡ 100 ਵਿਖੇ ਕੌਮਾਂਤਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ । ਜਿਸ ਦਾ ਵਿਸ਼ਾ ਜੀਵਨ ਜਾਂਚ ਰੱਖਿਆ ਗਿਆ। ਪਿਆਰਾ ਸਿੰਘ ਕੁੱਦੋਵਾਲ ਨੇ ਸਮਾਗਮ ਦੀ ਸ਼ੁਰੂਆਤ ਕੀਤੀ ਅਤੇ ਅਜੈਬ ਸਿੰਘ ਚੱਠਾ ਚੇਅਰਮੈਨ ਵੱਲੋਂ ਕੀਤੇ ਜਾ ਰਹੇ ਯਤਨਾਂ ਬਾਰੇ ਦੱਸਿਆ। ਸੰਤੋਖ ਸਿੰਘ ਸੰਧੂ ਵੱਲੋ ਜੀ ਆਇਆ ਨੂੰ ਕਿਹਾ ਗਿਆ। ਸਭ ਤੋਂ ਪਹਿਲਾ ਸਤਿੰਦਰ ਕੌਰ ਕਾਹਲੋਂ ਵੱਲੋ ਖੁਸ਼ ਕਿਵੇਂ ਰਹੀਏ ਬਾਰੇ ਵਿਚਾਰ ਸਾਂਝੇ ਕੀਤੇ। ਖ਼ੁਸ਼ ਰਹਿਣ ਲਈ ਖੁਸ਼ਗਵਾਰ ਮਾਹੌਲ ਸਿਰਜਣ ਦੀ ਗੱਲ ਕੀਤੀ ਹਰਦਿਆਲ ਸਿੰਘ ਝੀਤਾ ਨੇ ਨੈਤਿਕ ਕਦਰਾਂ ਤੇ ਸਮਾਜ ਨੂੰ ਸਹੀ ਸੇਧ ਦੇਣ ਲਈ ਵਚਨਬੱਧ ਰਹਿਣ







ਦੀ ਗੱਲ ਆਖੀ।ਜਸਵੀਰ ਕੌਰ ਗਰੇਵਾਲ ਨੇ ਸਮਾਜਿਕ ਜੀਵਨ ਵਿਚ ਆ ਰਹੇ ਨਿਘਾਰ ਤੇ ਵਿਚਾਰ ਸਾਂਝੇ ਕੀਤੇ, । ਸਰਵਣ ਸਿੰਘ ਲਿਧਰ ਨੇ ਜੀਵਨ ਜਾਂਚ ਵਿਸੇ ਤੇ ਵਿਚਾਰ ਸਾਂਝੇ ਕੀਤੇ। ਡਾਕਟਰ ਦਵਿੰਦਰ ਸਿੰਘ ਨੇ ਆਪਣੇ ਜੀਵਨ ਨੂੰ ਆਪਣੇ ਢੰਗ ਨਾਲ ਮਾਨਣ ਲਈ ਕਿਹਾ।ਪਰਮਜੀਤ ਸਿੰਘ ਢਿੱਲੋਂ ਨੇ ਗੀਤ ਰਾਹੀਂ ਜਿੰਦਗੀ ਜਿਊਣ ਦਾ ਸਲੀਕਾ ਅਤੇ ਅਨੰਦ ਮਾਣ ਰਹੇ ਲੋਕਾਂ ਦੀ ਗੱਲ ਕੀਤੀ। ਡਾਕਟਰ ਲਖਵਿੰਦਰ ਜੀਤ ਕੌਰ ਨੇ ਨੈਤਿਕ ਕਦਰਾਂ ਕੀਮਤਾਂ ਬਾਰੇ ਮੁੱਲ ਵਨ ਵਿਚਾਰ ਪੇਸ਼ ਕੀਤੇ । ਮਨਮੋਹਨ ਸਿੰਘ ਵਾਲੀਆ ਨੇ ਲਗਾਤਾਰ ਸਿੱਖਣ ਦੀ ਗੱਲ ਤੇ ਜ਼ੋਰ ਦਿੱਤਾ। ਅਜੈਬ ਸਿੰਘ ਚੱਠਾ ਨੇ ਜਨਰਲ ਹਰਬਖਸ਼ ਸਿੰਘ ਦੀ ਬਹਾਦਰੀ ਅਤੇ ਦੂਰਅੰਦੇਸ਼ੀ ਅਤੇ ਕਸ਼ਮੀਰ ਨੂੰ ਬਚਾਉਣ ਲਈ ਲਏ ਫੈਸਲੇ ਬਾਰੇ ਜਾਣੂ ਕਰਵਾਇਆ। ਅਖੀਰ ਅਰਵਿੰਦਰ ਸਿੰਘ ਢਿੱਲੋਂ ਨੇ ਜੀਵਨ ਜਾਂਚ ਨੂੰ ਜਿੰਦਗੀ ਜਿਊਣ ਲਈ ਕੁਦਰਤ ਦੇ ਰੰਗਾਂ ਵਾਂਗ ਸੱਤਰੰਗੀ ਪੀਂਘ ਵਾਂਗ ਮਾਨਣ ਲਈ ਰਜਾ ਵਿੱਚ ਰਹਿਣ ਦੀ ਗੱਲ ਆਖੀ। ਇਸ ਮੌਕੇ ਰੂਬੀ ਸਹੋਤਾ ਦੇ ਮੈਨੇਜਰ ਰਘਬੀਰ ਚੌਹਾਨ ਨੇ ਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ। ਅਜੈਬ ਸਿੰਘ ਚੱਠਾ ਚੇਅਰਮੈਨ ਵੱਲੋਂ ਕਾਨਫਰੰਸ ਦੀ ਡਾਇਰੀ ਰੀਲੀਜ਼ ਕੀਤੀ ਗਈ ਅਤੇ ਗੀਤ ਉਡਾ ਅ ਦਾ ਪੋਸਟਰ ਰਿਲੀਜ਼ ਕੀਤਾ ਗਿਆ।



ਰਮਿੰਦਰ ਵਾਲੀਆ
ਮੀਡੀਆ ਡਾਇਰੈਕਟਰ

# ਵੈਨਕੂਵਰ ਦੀ ਉੱਘੀ ਸ਼ਖ਼ਸੀਅਤ ਕੁਲਦੀਪ ਸਿੰਘ ਜਗਪਾਲ ਦਾ 68ਵਾਂ ਜਨਮ ਦਿਨ ਮਨਾਇਆ

ਸਰੀ, (ਹਰਦਮ ਮਾਨ)-ਸਨਸੈੱਟ ਇੰਡੋ ਕੈਨੇਡੀਅਨ ਸੀਨੀਅਰ ਸੁਸਾਇਟੀ ਵੈਨਕੂਵਰ ਵੱਲੋਂ ਪੰਜਾਬੀ ਭਾਈਚਾਰੇ ਦੀ ਉੱਘੀ ਸ਼ਖ਼ਸੀਅਤ ਕੁਲਦੀਪ ਸਿੰਘ ਜਗਪਾਲ ਦਾ 68ਵਾਂ ਜਨਮ






ਦਿਨ ਮਨਾਇਆ ਗਿਆ। ਇਸ ਮੌਕੇ ਇੰਡੋ ਕੈਨੇਡੀਅਨ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਪ੍ਰਸਿੱਧ ਗਾਇਕ ਸੁਰਜੀਤ ਸਿੰਘ ਮਾਧੋਪੁਰੀ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਸੁਸਾਇਟੀ ਦੇ ਪ੍ਰਧਾਨ ਭਲਵਿੰਦਰ ਸਿੰਘ ਵੜੈਚ ਅਤੇ ਸਮੂਹ ਡਾਇਰੈਕਟਰ ਸਾਹਿਬਾਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਜਨਮ ਦਿਨ ਦਾ ਕੇਕ ਕੱਟਣ ਦੀ ਰਸਮ ਉਪਰੰਤ ਹਾਜਰ ਸ਼ੁੱਭਚਿੰਤਕਾਂ ਨੇ ਕੁਲਦੀਪ ਸਿੰਘ ਜਗਪਾਲ ਨੂੰ ਵਧਾਈਆਂ ਦਿੱਤੀਆਂ ਅਤੇ ਸੁਰਜੀਤ ਸਿੰਘ ਮਾਧੋਪੁਰੀ ਨੇ ਇਕ ਗੀਤ ਰਾਹੀਂ ਮੁਬਾਰਕਾਂ ਸਾਂਝੀਆਂ ਕੀਤੀਆਂ।

ਜਗਪਾਲ ਨੂੰ ਜਨਮ ਦਿਨ ਦੀਆਂ ਸ਼ੁਭ ਕਾਮਨਾਵਾਂ ਦੇਣ ਵਾਲੇ ਸ਼ੁਭਚਿੰਤਕਾਂ ਵਿਚ ਹਾਜ਼ਰ ਸੁੱਚਾ ਸਿੰਘ ਕਲੇਰ, ਅਮਰੀਕ ਸਿੰਘ ਮਾਨ, ਗੁਰਪਾਲ ਸਿੰਘ ਪੰਧੇਰ, ਮਨਜੀਤ ਸਿੰਘ ਢਿੱਲੋਂ, ਸੁਰਜੀਤ ਸਿੰਘ ਢਿੱਲੋਂ, ਗੁਰਚਰਨ ਸਿੰਘ ਵੜੈਚ, ਜਰਨੈਲ ਸਿੰਘ ਸਹੋਤਾ, ਹਰਜਿੰਦਰ ਸਿੰਘ ਪੁਆਰ, ਗੁਰਮੇਜ ਸਿੰਘ ਪੂਨੀ, ਗੁਰਮੀਤ ਸਿੰਘ ਭੱਠਲ, ਸੁਰਜੀਤ ਸਿੰਘ ਮਿਨਹਾਸ, ਰਘਬੀਰ ਸਿੰਘ ਉੱਪਲ, ਅਰਜਨ ਸਿੰਘ ਵਿਲਖੂ, ਜੋਗਿੰਦਰ ਸਿੰਘ ਸੁੰਨੜ, ਤਰਲੋਕ ਸਿੰਘ ਅਰਸ਼ੀ, ਮੁਖਤਿਆਰ ਸਿੰਘ ਬੋਪਰਾਏ, ਸ਼ਗੁਨ ਗਾਂਧੀ, ਗੁਰਦਰਸ਼ਨ ਸਿੰਘ ਮਠਾੜੂ, ਮਹਿੰਦਰ ਸਿੰਘ ਦੋਸਾਂਝ, ਗੁਰਬਖਸ਼ ਸਿੰਘ ਸਿੱਧੂ, ਜਸਵਿੰਦਰ ਸਿੰਘ ਬਾਜਵਾ, ਗੁਰਮੀਤ ਸਿੰਘ ਕਾਲਕਟ, ਦਿਨੇਸ਼ ਕੁਮਾਰ ਮਲਹੋਤਰਾ, ਹਰਜਾਪ ਸਿੰਘ ਪਰਮਾਰ, ਭੁਪਿੰਦਰ ਸਿੰਘ ਢਿੱਲੋਂ, ਜਿਲੇ ਸਿੰਘ, ਮੋਹਣ ਸਿੰਘ ਬੱਧਨ ਤੋਂ ਇਲਾਵਾ ਕੁਲਦੀਪ ਸਿੰਘ ਜਗਪਾਲ ਦੇ ਪਰਿਵਾਰਕ ਮੈਂਬਰ ਸਤਪਾਲ ਸਿੰਘ ਜਗਪਾਲ, ਹਰਭਜਨ ਸਿੰਘ ਜਗਪਾਲ, ਸੁਖਵਿੰਦਰ ਕੌਰ ਜਗਪਾਲ, ਸਿਮਰਨ ਕੌਰ ਜਗਪਾਲ, ਅਮਰਾਓ ਸਿਘ ਸਹੋਤਾ ਸ਼ਾਮਿਲ ਸਨ। ਕੁਲਦੀਪ ਸਿੰਘ ਜਗਪਾਲ ਨੇ ਉਹਨਾਂ ਦੇ ਜਨਮ ਦਿਨ ਮੌਕੇ ਸ਼ੁਭ ਇੱਛਾਵਾਂ ਦੇਣ ਵਾਲੇ ਦੋਸਤਾਂ-ਮਿੱਤਰਾਂ ਅਤੇ ਪਰਿਵਾਰ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

**ਹਰਦਮ ਮਾਨ**

# ਰਿਸ਼ਤਿਆਂ 'ਚ ਆ ਰਹੀ ਦੂਰੀ ਦੇ ਕਾਰਨ

ਸਾਡੇ ਰਿਸ਼ਤੇ ਸਾਡੇ ਲਈ ਸਭ ਤੋ ਜਰੂਰੀ ਹੁੰਦੇ ਹਨ।ਜਿੰਦਗੀ ਵਿੱਚ ਕੋਈ ਵੀ ਦੁੱਖ ਹੋਵੇ ਜਾਂ ਸੁੱਖ ਹਰ ਮੋੜ ਤੇ ਸਾਨੂੰ ਸਾਡੇ ਰਿਸ਼ਤਿਆ ਦੀ ਆਪਣਿਆਂ ਦੀ ਜਰੂਰਤ ਪੈਂਦੀ ਹੈ।ਪਰ ਸਮੇ 'ਚ ਬਦਲਾਅ ਆਉਣ ਨਾਲ ਕੁਝ ਫਰਕ ਸਾਡੇ ਰਿਸ਼ਤਿਆ ਵਿੱਚ ਵੀ ਪੈ ਗਿਆ ਹੈ ਤੇ ਸਾਡੇ ਰਿਸ਼ਤਿਆ ਵਿੱਚ ਦੂਰੀਆਂ ਆ ਰਹੀਆ ਹਨ ਜਿਹਨਾ ਦੇ ਕੁਝ ਕਾਰਨ ਇਸ ਪ੍ਰਕਾਰ ਹਨ:-



**☆ਵਿਸ਼ਵਾਸ ਦੀ ਕਮੀ☆**

ਰਿਸ਼ਤਿਆਂ ਵਿੱਚ ਦੂਰੀ ਆਉਣ ਦਾ ਮੁੱਖ ਕਾਰਨ ਹੈ ਵਿਸ਼ਵਾਸ ਦੀ ਕਮੀ।ਕੋਈ ਵੀ ਰਿਸ਼ਤਾ ਹੋਵੇ ਉਸ ਰਿਸ਼ਤੇ ਦੀ ਨੀਂਹ ਹੁੰਦਾ ਹੈ ਵਿਸ਼ਵਾਸ।ਪਰ ਅੱਜਕੱਲ੍ਹ ਰਿਸ਼ਤਿਆਂ ਵਿੱਚ ਵਿਸ਼ਵਾਸ ਨਹੀ ਜਿਸ ਕਾਰਨ ਅਕਸਰ ਰਿਸ਼ਤੇ ਟੁੱਟ ਜਾਂਦੇ ਹਨ।

ਸਾਨੂੰ ਚਾਹੀਦਾ ਹੈ ਕਿ ਆਪਣੇ ਰਿਸ਼ਤਿਆਂ ਨੂੰ ਬਚਾਉਣ ਲਈ ਸਭ ਤੋਂ ਪਹਿਲਾ ਰਿਸ਼ਤਿਆ ਨੂੰ ਮਜਬੂਤ ਕਰੀਏ ਤੇ ਵਿਸ਼ਵਾਸ ਨੂੰ ਕਾਇਮ ਰੱਖੀਏ।ਕਦੇ ਵੀ ਭਰੋਸਾ ਨਾ ਤੋੜੀਏ ਤਾਂ ਜੋ ਰਿਸ਼ਤੇ ਮਜਬੂਤ ਹੋ ਸਕਣ।

**☆ਆਪਸੀ ਗੱਲਬਾਤ ਦੀ ਘਾਟ☆**

ਦੂਜਾ ਮੁੱਖ ਕਾਰਨ ਹੈ ਆਪਸੀ ਗੱਲਬਾਤ ਦੀ ਘਾਟ ਜਿਸ ਕਾਰਨ ਵੀ ਬਹੁਤ ਰਿਸ਼ਤੇ ਦੂਰ ਜਾਂਦੇ ਹਨ ਜਾਂ ਟੁੱਟ ਜਾਦੇ ਹਨ।ਅੱਜ ਦੀ ਜੀਵਨ ਸ਼ੈਲੀ 'ਚ ਹਰ ਕੋਈ ਆਪਣੇ ਕੰਮਾਂ ਵਿਚ ਰੁੱਝਿਆ ਰਹਿੰਦਾ ਏ ਤੇ ਆਪਣੇ ਪਰਿਵਾਰ ਨੂੰ ਸਮਾਂ ਨਹੀ ਦੇ ਸਕਦਾ ਜਿਸ ਕਰਕੇ ਪਰਿਵਾਰਾਂ ਵਿੱਚ ਆਪਸੀ ਗੱਲਬਾਤ ਨਹੀ ਹੁੰਦੀ ਜਿਸ ਕਾਰਨ ਰਿਸ਼ਤਿਆ 'ਚ ਗਲਤਫਹਿਮੀਆਂ ਰਹਿ ਜਾਂਦੀਆ ਨੇ ਅਕਸਰ ਰਿਸ਼ਤਿਆ ਵਿੱਚ ਦੂਰੀ ਆ ਜਾਂਦੀ ਹੈ।

**☆ਮੋਬਾਇਲ ਦੀ ਬੇਲੋੜੀ ਵਰਤੋ☆**

ਮੋਬਾਇਲ ਦੀ ਬੇਲੋੜੀ ਵਰਤੋਂ ਕਾਰਨ ਰਿਸ਼ਤਿਆ ਵਿੱਚ ਦੂਰੀ ਆ ਰਹੀ ਹੈ।ਹਰ ਕੋਈ ਆਪਣੇ ਮੋਬਾਈਲ ਵਿੱਚ ਹੀ ਰੁੱਝਿਆ ਰਹਿੰਦਾ ਆਪਸੀ ਅਸਲ ਜਿੰਦਗੀ ਦੇ ਰਿਸ਼ਤਿਆ ਤੋ ਦੂਰ ਹੁੰਦਾ ਜਾਂਦਾ।ਅਸਲ 'ਚ ਮੋਬਾਈਲ ਫੋਨ ਨੇੜੇ ਲਿਆਉਣ ਲਈ ਬਣਾਇਆ ਸੀ ਫੋਨ ਦੀ ਬੇਲੋੜੀ ਵਰਤੋਂ ਨੇ ਨੇੜੇ ਦੇ ਰਿਸ਼ਤਿਆ ਨੂੰ ਵੀ ਦੂਰ ਕਰਤਾ।ਭੈਣ ਭਰਾਵਾਂ ਦੇ ਨਾਲ ਬੈਠਣ ਦੀ ਵਜ੍ਹਾ ਅਕਸਰ ਸ਼ੋਸ਼ਲ ਮੀਡੀਆ ਤੇ ਚੈਟ ਕਰਨ ਤੇ ਸਮਾਂ ਬਰਬਾਦ ਕੀਤਾ ਜਾਂਦਾ ਹੈ ਇਸ ਕਾਰਨ ਵੀ ਆਪਾਂ ਆਪਣੇ ਰਿਸ਼ਤਿਆਂ ਤੋ

ਦੂਰ ਹੋ ਰਹੇ ਆ।

ਸਾਨੂੰ ਚਾਹੀਦਾ ਹੈ ਕਿ ਮੋਬਾਈਲ ਤੇ ਵਕਤ ਬਰਬਾਦ ਕਰਨ ਦੀ ਵਜ੍ਹਾ ਕੁਝ ਸਮਾਂ ਆਪਣੇ ਪਰਿਵਾਰ ਨੂੰ ਦਿੱਤਾ ਜਾਵੇ।

**☆ਆਪਸੀ ਸਮਝ ਦੀ ਘਾਟ☆**

ਰਿਸ਼ਤਿਆਂ 'ਚ ਆਪਸੀ ਸਮਝ ਦੀ ਘਾਟ ਵੀ ਰਿਸ਼ਤਿਆਂ ਵਿੱਚ ਆ ਰਹੀ ਦੂਰੀ ਦਾ ਕਾਰਨ ਬਣ ਰਹੀ ਏ।ਮਾਂ-ਪਿਓ ਬੱਚਿਆਂ ਨੂੰ ਵਕਤ ਨਹੀ ਦੇ ਪਾਉਂਦੇ ਜਿਸ ਕਾਰਨ ਬੱਚੇ ਇੱਕਲਾਪਨ ਮਹਿਸੂਸ ਕਰਦੇ ਹਨ।ਸਮੇ ਦੇ ਬਦਲਾਅ ਨਾਲ ਸੋਚਾਂ ਵਿੱਚ ਫਰਕ ਪੇ ਰਿਹਾ ਹੈ ਤੇ ਅਕਸਰ ਮਾਂ-ਪਿਓ ਬੱਚਿਆਂ ਦੀ ਗੱਲ ਨਹੀ ਸਮਝ ਪਾਉਦੇ ਅਤੇ ਬੱਚੇ ਵੀ ਆਪਣੀਆਂ ਗੱਲਾਂ ਸਾਂਝੀਆਂ ਕਰਨ 'ਚ ਸੰਕੋਚ ਕਰਦੇ ਹਨ।ਇਸ ਕਾਰਨ ਬੱਚੇ ਆਪਣੇ ਮਾਂ-ਪਿਓ ਤੋਂ ਦੂਰ ਹੋ ਜਾਂਦੇ ਹਨ।



ਸਾਨੂੰ ਚਾਹੀਦਾ ਹੈ ਕਿ ਆਪਸੀ ਰਿਸ਼ਤਿਆ ਨੂੰ ਸਮਾਂ ਦੇਈਏ ਤੇ ਆਪਣੇ ਬੱਚਿਆਂ ਦੀਆਂ ਸਮੱਸਿਆਵਾਂ ਸਮਝ ਕੇ ਉਹਨਾ ਦਾ ਸਾਥ ਦੇਈਏ ਤਾਂ ਜੋ ਆਪਸ ਵਿੱਚ ਮੋਹ ਪਿਆਰ ਵੱਧ ਸਕੇ।

**☆ਖਤਮ ਹੋ ਰਹੀ ਇਨਸਾਨੀਅਤ☆**

ਅੱਜ ਦੇ ਸਮੇਂ ਵਿੱਚ ਇਨਸਾਨੀਅਤ ਖਤਮ ਹੋ ਰਹੀ ਹੈ।ਇਸਦਾ ਮੁੱਖ ਕਾਰਨ ਹੈ ਪੈਸੇ ਦਾ ਲਾਲਚ।ਆਪਣੇ ਲਾਲਚ ਲਈ ਸਕੇ ਭਰਾ ਆਪਸ ਵਿੱਚ ਦੁਸ਼ਮਣ ਬਣ ਜਾਂਦੇ ਹਨ।ਬੇਗਾਨਿਆ ਦੀ ਗੱਲ ਦੂਰ ਦੀ ਏ ਸਕੇ ਰਿਸ਼ਤਿਆ ਵਿੱਚ ਵੀ ਇਨਸਾਨੀਅਤ ਮਰ ਚੁੱਕੀ ਹੈ।ਹਰ ਕੋਈ ਸਿਰਫ ਆਪਣਾ ਫਾਇਦਾ ਹੀ ਸੋਚ ਰਿਹਾ ਹੈ।

ਸਾਨੂੰ ਜਰੂਰਤ ਹੈ ਕਿ ਬਚਪਨ ਤੋਂ ਹੀ ਬੱਚਿਆਂ ਨੂੰ ਇਨਸਾਨੀਅਤ ਦਾ ਪਾਠ ਪੜ੍ਹਾਇਆ ਜਾਵੇ ਤੇ ਉਸਦੇ ਦਿਲ ਵਿੱਚ ਨਫਰਤ ਦੀ ਥਾਂ ਮੋਹ ਪਿਆਰ ਪੈਦਾ ਕੀਤਾ ਜਾਵੇ ਤਾਂ ਜੋ ਇਨਸਾਨੀਅਤ ਜਿੰਦਾ ਰਹਿ ਸਕੇ।

ਸਾਨੂੰ ਚਾਹੀਦਾ ਹੈ ਕਿ ਹਰ ਰਿਸ਼ਤੇ ਨੂੰ ਵਕਤ ਦਿੱਤਾ ਜਾਵੇ ਤਾਂ ਜੋ ਸਾਰੇ ਰਿਸ਼ਤਿਆ ਵਿੱਚ ਭਰੋਸਾ ਕਾਇਮ ਰਹੇ ਅਤੇ ਆਪਸੀ ਮੋਹ ਪਿਆਰ ਵੱਧ ਸਕੇ।ਆਪਣੀ ਸੋਚ ਵਿੱਚ ਬਦਲਾਅ ਲਿਆ ਕੇ ਪਰਿਵਾਰ ਨਾਲ ਵਕਤ ਬਿਤਾਇਆ ਜਾਵੇ।ਥੋੜ੍ਹਾ ਸਮਾਂ ਹਰ ਰੋਜ ਆਪਣੇ ਪਰਿਵਾਰ ਨੂੰ ਦਿੱਤਾ ਜਾਵੇ।

## ਸੁੱਖਪ੍ਰੀਤ ਕੌਰ ਖਹਿਰਾ

# "ਸਾਖੀਓਂ ਨੂਰ ਝਰੈ " ਕਵੀ : ਸੁਰਿੰਦਰ ਸੋਹਲ

ਪੁਸਤਕ: ਸਾਖੀਓਂ ਨੂਰ ਝਰੈ (ਕਵਿਤਾਵਾਂ)

ਕਵੀ: ਸੁਰਿੰਦਰ ਸੋਹਲ

ਸਫ਼ੇ : 96 ਮੁੱਲ: 125/-

ਪ੍ਰਕਾਸ਼ਕ: ਕੁਕਨੁਸ ਪ੍ਰਕਾਸ਼ਨ ਜਲੰਧਰ




ਸੁਰਿੰਦਰ ਸੋਹਲ ਸਾਹਿਤ ਖੇਤਰ ਦਾ ਇਕ ਜਾਣਿਆ ਪਛਾਣਿਆ ਨਾਂ ਹੈ। ਜਿਸ ਨੇ ਦਰਜਨ ਤੋਂ ਵੱਧ ਸਾਹਿਤਕ ਪੁਸਤਕਾਂ ਸਿਰਜ ਕੇ ਸਾਹਿਤ ਨੂੰ ਮਾਲਾਮਾਲ ਕੀਤਾ ਹੈ। ਉਸਨੇ ਗ਼ਜ਼ਲਾਂ, ਨਾਵਲ ,ਬਾਲ-ਸਾਹਿਤ ,ਰੇਖਾ-ਚਿੱਤਰਾਂ ਦੀਆਂ ਪੁਸਤਕਾਂ ਦੀ ਸਿਰਜਣਾ ਨਾਲ-ਨਾਲ ਕਈ ਪੁਸਤਕਾਂ ਦੀ ਸੰਪਾਦਨਾ/ ਸਹਿ ਸੰਪਾਦਨਾ ਵੀ ਕੀਤੀ ਹੈ ਤੇ ਪੁਸਤਕਾਂ ਦਾ ਅਨੁਵਾਦ ਤੇ ਲਿਪੀਅੰਤਰਨ ਵੀ ਕੀਤਾ ਹੈ। ਹੱਥਲੀ ਪੁਸਤਕ ਹੈ ' ਸਾਖੀਓਂ ਨੂਰ ਝਰੈ' ਸੁਰਿੰਦਰ ਸੋਹਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੇ ਦਿਲਾਂ 'ਚ ਬਣੇ ਕਰਤਾਰਪੁਰ ਲਾਂਘੇ ਨੂੰ ਸਮਰਪਿਤ ਕਰਦਾ ਹੈ। ਹੱਥਲੀ ਪੁਸਤਕ ਵਿੱਚ ਦਰਜ ਕਵਿਤਾਵਾਂ ਬਾਬੇ ਨਾਨਕ ਦੇ ਜੀਵਨ ਤੇ ਉਸ ਵਿਚ ਘਟਿਤ ਘਟਨਾਵਾਂ ਤੇ ਅਧਾਰਤ ਹਨ। ਉਹ ਆਪਣੀ ਪਹਿਲੀ ਕਵਿਤਾ ਵਿਚ ਬਾਬੇ ਨਾਨਕ ਦੇ ਆਗਮਨ ਤੋਂ ਪਹਿਲਾਂ ਪ੍ਰਕਿਰਤੀ ਵਿਚ ਕੀ ਕੀ ਬਦਲਾਵ ਆਏ ਉਨ੍ਹਾਂ ਨੂੰ ਦ੍ਰਿਸ਼ਮਾਨ ਕਰਦਾ ਹੈ। ਉਹ ਲਿਖਦਾ ਹੈ ਕਿ ਹਵਾਵਾਂ ਸੁਰਲੀਆਂ ਹੋ ਗਈਆਂ ਹਨ ਤਾਰੇ ਮਹਿਕਣ ਲਗ ਪਏ, ਫੁੱਲ ਲਿਸ਼ਕਣ ਲੱਗ ਪਏ ਤੇ ਸਾਰੇ ਪੰਛੀ ਰੋਲਾ ਪਾ ਰਹੇ ਸਨ ਕਿ

ਚਾਨਣ ਹੋਣ ਵਾਲਾ ਹੈ......

ਧੁੰਦ ਮਿਟਣ ਵਾਲੀ ਹੈ.....

ਹੱਥਲੀ ਪੁਸਤਕ ਵਿੱਚ ਬਾਬੇ ਨਾਨਕ ਦੇ ਸਮੁੱਚੇ ਜੀਵਨ ਦਰਸ਼ਨ ਨੂੰ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਸੁਰਿੰਦਰ ਸੋਹਲ ਨੇ ਇਸ ਪੁਸਤਕ ਵਿਚ ਦਰਜ ਕਵਿਤਾਵਾਂ ਵਿੱਚ ਕੁੱਜੇ ਵਿੱਚ ਸਮੁੰਦਰ ਭਰਿਆ ਹੈ। ਪੁਸਤਕ ਵਿਚ ਦਰਜ ਕਵਿਤਾਵਾਂ ਨੂੰ ਇਕ ਵਾਰ ਪੜ੍ਹ ਕੇ ਸੰਤੁਸ਼ਟੀ ਨਹੀਂ ਮਿਲਦੀ ਸਗੋਂ ਬਾਰ ਬਾਰ ਪੜ੍ਹਨ ਦਾ ਦਿਲ ਕਰਦਾ ਹੈ। ਯਕੀਨਨ ਇਹ ਇਕ ਵਿਲੱਖਣ ਕਿਰਤ ਹੈ ਮੈਂ ਇਸ ਦਾ ਸਵਾਗਤ ਕਰਦਾ ਹਾਂ।



ਰੀਵਿਊਕਾਰ: ਫੈਸਲ ਖਾਨ

# ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਪੰਜਾਬੀ ਵਿਦਵਾਨ ਪ੍ਰੋ. ਰਵਿੰਦਰ ਸਿੰਘ ਨਾਲ ਰੂਬਰੂ ਪ੍ਰੋਗਰਾਮ

## ਪ੍ਰੋ. ਰਵਿੰਦਰ ਸਿੰਘ ਨੇ ਪੰਜਾਬੀ ਸਾਹਿਤ, ਪੰਜਾਬ ਅਤੇ ਪਰਵਾਸੀ ਪੰਜਾਬੀਆਂ ਬਾਰੇ ਉਠਾਏ ਕਈ ਅਹਿਮ ਨੁਕਤੇ



ਸਰੀ -(ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਭਾਰਤ ਤੋਂ ਆਏ ਪ੍ਰਸਿੱਧ ਪੰਜਾਬੀ ਆਲੋਚਕ ਅਤੇ ਦਿਆਲ ਸਿੰਘ ਕਾਲਜ (ਦਿੱਲੀ ਯੂਨੀਵਰਸਿਟੀ) ਦੇ ਪ੍ਰੋਫੈਸਰ ਰਵਿੰਦਰ ਸਿੰਘ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਪ੍ਰੋ. ਰਵਿੰਦਰ ਸਿੰਘ ਨੇ ਪੰਜਾਬੀ ਸਾਹਿਤ ਦੇ ਵਿਚਾਰਧਾਰਕ ਪੱਖ, ਰਾਜਨੀਤਕ ਸੁਰ, ਗੁਰਬਾਣੀ, ਪੰਜਾਬ, ਪਰਵਾਸੀ ਪੰਜਾਬ ਅਤੇ ਪੰਜਾਬੀਅਤ ਬਾਰੇ ਵਿਸਥਾਰ ਵਿਚ ਬੜੇ ਅਹਿਮ ਪਹਿਲੂਆਂ ਉਪਰ ਆਪਣਾ ਨਜ਼ਰੀਆ ਪੇਸ਼ ਕੀਤਾ।

ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਵੈਨਕੂਵਰ ਵਿਚਾਰ ਮੰਚ ਦੇ ਜਨਰਲ ਸਕੱਤਰ ਮੋਹਨ ਗਿੱਲ ਨੇ ਪ੍ਰੋ. ਰਵਿੰਦਰ ਸਿੰਘ, ਉਨ੍ਹਾਂ ਦੀ ਧਰਮ ਪਤਨੀ ਗੁਰਜੀਤ ਕੌਰ ਅਤੇ ਹਾਜਰ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਦਿਆਂ ਪ੍ਰੋ. ਰਵਿੰਦਰ ਸਿੰਘ ਬਾਰੇ ਸੰਖੇਪ ਜਾਣਕਾਰੀ ਦਿੱਤੀ। ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਮੰਚ ਦੀ ਸਥਾਪਨਾ ਅਤੇ ਉਦੇਸ਼ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਇਹ ਇਕ ਅਜਿਹਾ ਪਲੇਟਫਾਰਮ ਜਿੱਥੇ ਆ ਕੇ ਕੋਈ ਵੀ ਸਾਹਿਤਕਾਰ, ਵਿਦਵਾਨ, ਕਲਾਕਾਰ, ਸਮਾਜ ਸੇਵੀ, ਪੱਤਰਕਾਰ ਆਪਣੀ ਵਿਚਾਰਧਾਰਾ ਦਾ ਪ੍ਰਗਟਾਵਾ ਨਿਰਸੰਕੋਚ ਕਰ ਸਕਦਾ ਹੈ।

ਪ੍ਰੋ. ਰਵਿੰਦਰ ਸਿੰਘ ਨੇ ਇੰਡੀਅਨ ਇੰਸਟੀਚਿਊਟ ਆਫ ਅਡਵਾਂਸਡ ਸਟੱਡੀ ਸ਼ਿਮਲਾ ਵਿਖੇ ਆਪਣੀ ਮੌਜੂਦਾ ਜ਼ਿੰਮੇਂਵਾਰੀ ਬਾਰੇ ਦੱਸਣ ਤੋਂ ਬਾਅਦ ਪੰਜਾਬੀ ਸਾਹਿਤ ਦੀ ਗੱਲ ਕਰਦਿਆਂ ਕਿਹਾ ਕਿ ਅਜੋਕਾ ਪੰਜਾਬੀ ਸਾਹਿਤ ਮੁੱਢਲੇ ਤੌਰ ਦੇ ਰਾਜਨੀਤੀ ਤੋਂ ਪ੍ਰਭਾਵਿਤ ਹੈ ਅਤੇ ਇਸ ਵਿੱਚੋਂ ਵਿਚਾਰਧਾਰਕ ਪੱਖ ਛੁੱਟ ਰਿਹਾ ਹੈ। ਅੱਜ ਦਾ ਸਾਹਿਤ ਆਮ ਲੋਕਾਂ ਦੀ ਪਕੜ ਤੋਂ ਬਾਹਰ ਹੋ ਰਿਹਾ ਹੈ ਪਰ ਲੇਖਕਾਂ ਨੂੰ ਇਸ ਦਾ ਅਹਿਸਾਸ ਪੂਰੀ ਤਰ੍ਹਾਂ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਅਸੀਂ ਜਦੋਂ ਕਿਸੇ ਵੀ ਸਾਹਿਤਕ ਰਚਨਾ ਨੂੰ ਕਿਸੇ ਵਿਸ਼ੇਸ਼ ਵਿਚਾਰਧਾਰਾ ਤਹਿਤ ਵਾਚਦੇ ਹਾਂ

ਜਾਂ ਕਿਸੇ ਖਾਸ ਤੇ ਇਕਹਿਰੇ ਨਜ਼ਰੀਆ ਨਾਲ ਪੜ੍ਹਦੇ ਹਾਂ ਤਾਂ ਉਹ ਰਚਨਾ ਇਕ ਦਾਇਰੇ ਵਿਚ ਸਿਮਟ ਕੇ ਰਹਿ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਹਿਤ ਦੀ ਰਚਨਾ ਭਾਵੇਂ ਪੰਜਾਬ ਵਿਚ ਕੀਤੀ ਜਾ ਰਹੀ ਹੈ ਜਾਂ ਵਿਦੇਸ਼ਾਂ ਵਿਚ ਹੋ ਰਹੀ ਹੈ ਪਰ ਉਸ ਵਿਚਲਾ ਪੰਜਾਬੀ ਖਾਸਾ ਇੱਕੋ ਹੀ ਹੈ। ਉਨ੍ਹਾਂ ਨਵੀਂ ਪੀੜ੍ਹੀ ਵੱਲੋਂ ਬਹੁਤ ਘੱਟ ਸਾਹਿਤ ਲਿਖਣ ਦੀ ਗੱਲ ਵੀ ਕਹੀ।

ਪ੍ਰੋ. ਰਵਿੰਦਰ ਸਿੰਘ ਨੇ ਕਿਹਾ ਕਿ ਵਿਦੇਸ਼ ਵਿਚ ਬੈਠ ਕੇ ਪੰਜਾਬ ਬਾਰੇ ਚਿੰਤਾ ਹੋਣੀ ਜ਼ਰੂਰੀ ਤਾਂ ਹੈ ਪਰ ਬਾਹਰ ਬੈਠ ਕੇ ਅਸੀਂ ਕੁੱਝ ਨਹੀਂ ਕਰ ਸਕਦੇ, ਕਰਨਾ ਤਾਂ ਉਨ੍ਹਾਂ ਲੋਕਾਂ ਨੇ ਹੀ ਹੈ ਜੋ ਪੰਜਾਬ ਵਿਚ ਬੈਠੇ ਹਨ। ਉਨ੍ਹਾਂ ਕਿਹਾ ਕਿ ਮੀਡੀਆ ਜਾਂ ਸੋਸ਼ਲ ਮੀਡੀਆ ਰਾਹੀਂ ਕਿਸੇ ਇਕ ਧਿਰ ਦੇ ਵਿਚਾਰ ਜਾਂ ਪੱਖ ਸੁਣ ਕੇ ਉਸ ਨੂੰ ਹੀ ਸੱਚ ਨਹੀਂ ਮੰਨ ਲੈਣਾ ਚਾਹੀਦਾ ਸਗੋਂ ਵਿਵਾਦ ਪੂਰਨ ਮਸਲਿਆਂ ਬਾਰੇ ਵੱਖ ਵੱਖ ਸਰੋਤਾਂ ਤੋਂ ਸਾਰੇ ਧਿਰਾਂ ਦਾ ਪੱਖ ਜਾਣ ਕੇ ਹੀ ਆਪਣੀ ਕੋਈ ਸੋਚ ਨਿਰਧਾਰਤ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਰਾਜਨੀਤਕ ਸੋਚ ਲੈ ਕੇ ਵਿਦੇਸ਼ਾਂ ਵਿਚ ਆ ਰਹੇ ਕੁਝ ਲੋਕ ਪੰਜਾਬ ਅਤੇ ਭਾਰਤ ਬਾਰੇ ਜੋ ਨਾਂਹ ਪੱਖੀ ਗੱਲਾਂ ਕਰਦੇ ਹਨ, ਉਹ ਕਰ ਤਾਂ ਕੁਝ ਨਹੀਂ ਸਕਦੇ ਪਰ ਬਾਹਰ ਬੈਠੇ ਪੰਜਾਬੀ ਭਾਈਚਾਰੇ ਵਿਚ ਘਬਰਾਹਟ ਜ਼ਰੂਰ ਪੈਦਾ ਕਰ ਰਹੇ ਹਨ ਅਤੇ ਪੰਜਾਬੀਆਂ ਦੇ ਅਕਸ ਨੂੰ ਢਾਹ ਲਾ ਰਹੇ ਹਨ। ਪਿਛਲੇ ਸਮੇਂ ਵਿਚ ਸੋਸ਼ਲ ਮੀਡੀਆ ਉੱਪਰ ਦਰਸਾਈਆਂ ਗਈਆਂ ਕੁਝ ਚੀਜ਼ਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੀਆਂ ਗੱਲਾਂ ਦਾ ਪੰਜਾਬ ਅਤੇ ਖਾਸ ਕਰ ਕੇ ਦਿੱਲੀ 'ਤੇ ਬਹੁਤ ਅਸਰ ਪੈਂਦਾ ਹੈ ਅਤੇ ਫਿਰ ਉਨ੍ਹਾਂ ਦੇ ਜਵਾਬ ਵਿਚ ਉਧਰੋਂ ਅਜਹਾ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬਿਹਤਰ ਏਹੀ ਹੈ ਕਿ ਬਾਹਰ ਬੈਠੇ ਪੰਜਾਬੀ ਆਪਣੇ ਪਰਵਾਸੀ ਪੰਜਾਬ ਬਾਰੇ, ਪਰਵਾਸੀ ਜੀਵਨ। ਕਲਚਰ, ਸਮੱਸਿਆਵਾਂ, ਮੰਗਾਂ ਸੰਵਾਦ ਰਚਾਉਣ।

ਇਸ ਮੌਕੇ ਬੋਲਦਿਆਂ ਉਨ੍ਹਾਂ ਦੀ ਸੁਪਤਨੀ ਗੁਰਜੀਤ ਕੌਰ ਨੇ ਕਿਹਾ ਕਿ ਬੜੀ ਹੈਰਾਨੀ ਹੁੰਦੀ ਹੈ ਕਿ ਅਸੀਂ ਪੰਜਾਬ ਤੋਂ, ਭਾਰਤ ਤੋਂ ਆਏ ਹਾਂ, ਜਾਣਾ ਵੀ ਓਥੇ ਚਾਹੁੰਦੇ ਹਾਂ, ਸਾਡੀ ਸੋਚ ਵੀ ਓਥੇ ਜੁੜੀ ਹੋਈ ਹੈ, ਉਸ ਮਿੱਟੀ ਨਾਲ ਸਾਨੂੰ ਮੋਹ ਪਿਆਰ ਵੀ ਹੈ ਅਤੇ ਅਸੀਂ ਇਹ ਵੀ ਭੁੱਲ ਨਹੀਂ ਸਕਦੇ ਕਿ ਉਸ ਧਰਤੀ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ ਪਰ ਫੇਰ ਵੀ ਓਥੋਂ ਬਾਰੇ ਅਸੀਂ ਨਾਂਹ ਪੱਖੀ ਸ਼ਬਦਾਵਲੀ ਦੀ ਵਰਤੋਂ ਕਰ ਰਹੇ ਹਾਂ। ਕੀ ਸਾਨੂੰ ਆਪਣੀ ਜਨਮ ਭੋਇੰ ਨੂੰ ਕੁਝ ਵਾਪਸ ਕਰਨ ਬਾਰੇ ਨਹੀਂ ਸੋਚਣਾ ਚਾਹੀਦਾ?



ਇਸ ਰੂਬਰੂ ਪ੍ਰੋਗਰਾਮ ਸਮੇਂ ਡਾ. ਹਰਜੀਤ ਕੌਰ ਖੈਹਿਰਾ, ਸਤੀਸ਼ ਗੁਲਾਟੀ, ਮੋਹਨ ਗਿੱਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਅੰਤ ਵਿਚ ਪ੍ਰੋ. ਰਵਿੰਦਰ ਸਿੰਘ ਅਤੇ ਸਭਨਾਂ ਹਾਜਰ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਰੂਬਰੂ ਪ੍ਰੋਗਰਾਮ ਵਿਚ ਡਾ. ਸੁਖਵਿੰਦਰ ਸਿੰਘ ਸੇਖੋਂ, ਲਖਵਿੰਦਰ ਸਿੰਘ ਔਜਲਾ, ਕੁਲਦੀਪ ਮਿਨਹਾਸ, ਜਰਨਲਿਸਟ ਬਖਸ਼ਿੰਦਰ ਅਤੇ ਹਰਦਮ ਸਿੰਘ ਮਾਨ ਵੀ ਮੌਜੂਦ ਸਨ।




ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ

# ਕਿਵੇਂ ਹਾਸਿਲ ਕਰੀਏ ਸਫ਼ਲਤਾ

ਜ਼ਿੰਦਗੀ ਇੱਕ ਕਲਾ ਹੈ। ਜ਼ਿੰਦਗੀ ਤੋਂ ਬਹੁਤ ਕੁਝ ਸਿੱਖੋ। ਜ਼ਿੰਦਗੀ ਸਾਨੂੰ ਜੀਵਨ ਜੀਣ ਦਾ ਢੰਗ ਸਿਖਾਉਂਦੀ ਹੈ। ਜ਼ਿੰਦਗੀ ਨੂੰ ਵਧੀਆ ਨਿਖਾਰਨ ਲਈ ਇੱਕ ਉਦੇਸ਼ ਰੱਖੋ। ਜੇ ਸਾਡਾ ਟੀਚਾ ਵਧੀਆ ਹੋਵੇਗਾ ਤਾਂ ਅਸੀਂ ਮੰਜ਼ਿਲ ਸਰ ਕਰ ਸਕਦੇ ਹਨ ।ਕਈ ਲੋਕ ਸੋਚਦੇ ਹਨ ਕਿ ਮੈਂ ਵੱਡੀ ਗੱਡੀ ਲੈ ਲਈ ਜਾਂ ਮੈਂ ਬਹੁਤ ਜ਼ਿਆਦਾ ਜ਼ਮੀਨ ਖਰੀਦ ਲਈ ਜਾਂ ਮੈਂ ਚਾਰ ਪੰਜ ਕੋਠੀਆਂ ਬਣਾ ਲਈਆਂ ਜਾਂ ਮੇਰੀ ਸ਼ਹਿਰ ਵਿੱਚ ਬਹੁਤ ਜ਼ਿਆਦਾ ਪ੍ਰਾਪਰਟੀ ਹੈ । ਉਹ ਇਸੇ ਨੂੰ ਆਪਣੀ ਜ਼ਿੰਦਗੀ ਦਾ ਟੀਚਾ ਸਮਝਦੇ ਹਨ ,ਪਰ ਇਹ ਕਦੇ ਵੀ ਜ਼ਿੰਦਗੀ ਦਾ ਉਦੇਸ਼ ਨਹੀਂ ਹੋ ਸਕਦਾ ।ਜ਼ਿੰਦਗੀ ਵਿੱਚ ਹਰ ਇਨਸਾਨ ਦਾ ਉਦੇਸ਼ ਹੁੰਦਾ ਹੈ ਕਿ ਜ਼ਿੰਦਗੀ ਵਿੱਚ ਉਸ ਦਾ ਬਹੁਤ ਹੀ ਵਧੀਆ ਤੇ ਉੱਚਾ ਟੀਚਾ ਹੋਵੇ। ਹਰ ਇੱਕ ਦਿਨ ਨਵੀਂ ਉਮੀਦ ਲੈ ਕੇ ਆਉਂਦਾ ਹੈ। ਹਰ ਇੱਕ ਦਿਨ ਨੂੰ ਵਧੀਆ ਜੀਓ ।

ਜ਼ਿੰਦਗੀ ਵਿੱਚ ਬਹੁਤ ਵਾਰ ਅਸਫਲਤਾਵਾਂ ਮਿਲਦੀਆਂ ਹਨ । ਕਦੇ ਵੀ ਉਦਾਸ ਨਾ ਹੋਵੋ। ਸੋਚੋ ਕਿ ਸਫਲਤਾ ਸਾਨੂੰ ਕਿਉਂ ਨਹੀਂ ਮਿਲੀ। ਸਾਡੀ ਕਿਹੜੀ ਅਜਿਹੀ ਗਲਤੀ ਸੀ ਜਿਹੜੀ ਸਾਨੂੰ ਆਪਣੇ ਟੀਚੇ ਤੇ ਨਹੀਂ ਪਹੁੰਚਾ ਸਕੀ ।ਫਿਰ ਸੰਘਰਸ਼ ਕਰੋ। ਫਿਰ ਸਫ਼ਲਤਾ ਤੁਹਾਡੇ ਇੱਕ ਦਿਨ ਪੈਰ ਜ਼ਰੂਰ ਚੁੰਮੇਗੀ। ਮਿਹਨਤ ਕਰਦੇ ਰਹੋ, ਫ਼ਲ ਦੀ ਇੱਛਾ ਨਾ ਕਰੋ।ਜੇ ਹਰ ਇੱਕ ਕੰਮ ਵਿੱਚ ਅਸਫ਼ਲਤਾ ਮਿਲ ਰਹੀ ਹੈ ਤਾਂ ਕਦੇ ਵੀ ਨਾ ਘਬਰਾਓ । ਅਗਲੀ ਵਾਰ ਫਿਰ ਕੋਸ਼ਿਸ਼ ਕਰੋ। ਅਸਫ਼ਲਤਾ ਮਨੁੱਖ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਹੈ। ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਕਈ ਵਾਰ ਜਿੰਦਰਾ ਆਖ਼ਰੀ ਚਾਬੀ ਨਾਲ ਖੁੱਲਦਾ ਹੈ।

ਜ਼ਿੰਦਗੀ ਵਿੱਚ ਚਾਹੇ ਕੋਈ ਵੀ ਸਪਨਾ ਹੋਵੇ ਸਿਵਲ ਅਧਿਕਾਰੀ ਬਣਨਾ, ਪਾਇਲਟ ਜਾਂ ਆਰਮੀ ਚ ਜਾਣਾ, ਪਹਿਲੀ ਵਾਰ ਬਹੁਤ ਘੱਟ ਮੌਕੇ ਹੁੰਦੇ ਹਨ ਕਿ ਚੋਣ ਹੋ ਜਾਵੇ। ਜੇ ਚੋਣ ਨਹੀਂ ਹੁੰਦੀ ਤਾਂ ਘਬਰਾਓ ਨਹੀਂ। ਤੁਹਾਨੂੰ



ਹਰ ਵਾਰ ਤਜ਼ਰਬਾ ਹੀ ਮਿਲਦਾ ਹੈ।ਗਲਤੀਆਂ ਨੂੰ ਸੁਧਾਰੋ ,ਦੁਬਾਰਾ ਤਿਆਰੀ ਕਰੋ। ਜ਼ਿੰਦਗੀ ਇੱਥੇ ਹੀ ਖਤਮ ਨਹੀਂ ਹੁੰਦੀ। ਦਰੱਖਤਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਪੱਤਝੜ ਵਿੱਚ ਉਨ੍ਹਾਂ ਦੇ ਪੱਤੇ ਝੜ ਜਾਂਦੇ ਹਨ ।ਅਤੇ ਰੁੱਖ ਨਵੇਂ ਪੱਤੇ ਆਉਣ ਦੀ ਆਸ ਰੱਖਦੇ ਹਨ ।ਤਾਂ ਕਿ ਉਹ ਰਾਹਗੀਰਾਂ ਨੂੰ ਛਾਂ ਦੇ ਸਕਣ । ਕਿੰਨੀਆਂ ਹੀ ਉਦਾਹਰਨਾਂ ਸਾਨੂੰ ਮਿਲ ਜਾਂਦੀਆਂ ਹਨ। ਜਿਵੇਂ ਇਬ੍ਰਾਹਿਮ ਲਿੰਕਨ ,ਐਡੀਸ਼ਨ ਜਿਨ੍ਹਾਂ ਨੇ ਗ਼ਰੀਬੀ ਦਾ ਸਾਹਮਣਾ ਕਰਕੇ

ਸਫਲਤਾ ਪ੍ਰਾਪਤ ਕੀਤੀ ਤੇ ਆਪਣਾ ਨਾਮ ਰੌਸ਼ਨ ਕੀਤਾ। ਪਿਛਲੇ ਵਰ੍ਹੇ ਬਾਰਾਂ ਸਾਲ ਦੀ ਕਾਮਿਆਂ ਜਿਸ ਨੇ ਦੱਖਣੀ ਅਮਰੀਕਾ ਦੀ ਚੋਟੀ ਸਰ ਕੀਤੀ ,ਦੁਨੀਆਂ ਵਿੱਚ ਉਸ ਨੇ ਆਪਣਾ ਨਾਮ ਕਮਾਇਆ।

ਕੇਰਲਾ ਦੀ ਇੱਕ ਸੌ ਪੰਜ ਸਾਲਾਂ ਦੀ ਭਾਗੀਰਥੀ ਅੰਮਾਂ ਨੇ ਦਰਜਾ ਚਾਰ ਦਾ ਪੇਪਰ ਪਾਸ ਕਰਕੇ ਨੌਕਰੀ ਹਾਸਲ ਕੀਤੀ ਸੀ।ਭਾਗੀਰਥੀ ਅੰਮਾ ਦਾ ਜੀਵਨ ਬਹੁਤ ਹੀ ਗਰੀਬੀ ਵਿੱਚ ਬੀਤਿਆ ਸੀ। ਪਿਛਲੇ ਸਾਲ ਉਸ ਦੀ ਮੌਤ ਹੋ ਚੁੱਕੀ ਹੈ।ਉਸ ਨੇ ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕੀਤਾ, ਅਜਿਹੀਆਂ ਉਦਾਹਰਨਾਂ ਹੀ ਸਾਨੂੰ ਮੰਜ਼ਿਲ ਵੱਲ ਵੱਧਣ ਲਈ ਪ੍ਰੇਰਿਤ ਕਰਦੀਆਂ ਹਨ। ਹਾਲ ਹੀ ਵਿੱਚ ਕੇਰਲ ਵਿੱਚ ਪੈਦਾ ਹੋਏ ਸੁਰੇਂਦਰਨ ਕੇ ਪਟੇਲ ਜਿਸ ਨੇ ਗਰੀਬੀ ਕਰਕੇ ਸਕੂਲ ਛੱਡਿਆ ਸੀ। ਬੀੜੀਆਂ ਬਣਾਈਆਂ ਸਨ, ਅੱਜ ਅਮਰੀਕਾ ਵਿੱਚ ਜੱਜ ਬਣਿਆਂ। ਸਹੁੰ ਚੁੱਕ ਸਮਾਗਮ ਤੋਂ ਬਾਅਦ ਉਸ ਨੇ ਉੱਥੇ ਆਪਣੀ ਗਰੀਬੀ ਅਤੇ ਸੰਘਰਸ਼ ਦੀ ਗਾਥਾ ਸੁਣਾਈ। ਸਲਾਮ ਅਜਿਹੇ ਜਜ਼ਬੇ ਨੂੰ। ਹਾਲਾਤਾਂ ਦਾ ਸਾਹਮਣਾ ਕਰਦੇ ਕਰਦੇ ਉਸ ਨੇ ਆਪਣੀ ਪੜ੍ਹਾਈ ਜਾਰੀ ਰੱਖੀ। ਹਾਊਸਕੀਪਰ ਵਜੋਂ ਵੀ ਇਸ ਸ਼ਖਸ਼ੀਅਤ ਨੇ ਕੰਮ ਕੀਤਾ। ਹਾਲ ਹੀ ਵਿੱਚ ਸਿਵਲ ਸਰਵਿਸਿਜ਼ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਕੀਤਾ ਗਿਆ। ਵਿਕਲਾਂਗ ਉਮੀਦਵਾਰਾਂ ਨੇ ਪ੍ਰੀਖਿਆ ਤੱਕ ਪਾਸ ਕਰ ਲਈ। ਕਿਉਂਕਿ ਉਨ੍ਹਾਂ ਦੇ ਅੰਦਰ ਜਜ਼ਬਾ ਸੀ ,ਜਨੂੰਨ ਸੀ।

ਲੋਕਾਂ ਦੀ ਕਦੇ ਵੀ ਪ੍ਰਵਾਹ ਨਾ ਕਰੋ। ਲੋਕਾਂ ਨੂੰ ਆਪਣਾ ਕੰਮ ਕਰਨ ਦੇਵੋਂ । ਤੁਸੀਂ ਆਪਣੀ ਮਿਹਨਤ ਕਰਦੇ ਰਹੋ। ਸਫ਼ਲ ਹੋਏ ਵਿਅਕਤੀਆਂ ਦੀ ਜੀਵਨੀ ਪੜ੍ਹੋ ।ਉਨ੍ਹਾਂ ਨੇ ਸਫ਼ਲਤਾ ਕਿਵੇਂ ਹਾਸਲ ਕੀਤੀ ।ਦੁੱਖ ਸੁੱਖ ਤਾਂ ਆਉਂਦੇ ਰਹਿੰਦੇ ਹਨ ।ਆਪਣੀ ਜ਼ਿੰਦਗੀ ਵਿੱਚ ਸੰਘਰਸ਼ ਕਰਦੇ ਰਹੋ। ਮੁਕਾਬਲੇ ਦੀ ਪ੍ਰੀਖਿਆਵਾਂ ਵਿੱਚ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ ।ਹਮੇਸ਼ਾ ਪ੍ਰਮਾਤਮਾ ਦਾ ਸ਼ੁਕਰ ਕਰੋ। ਜਿੱਥੇ ਹੋ ਸਕੇ ਜਾਂ ਮੌਕਾ ਮਿਲੇ ਆਪਣੇ ਗੁਣਾਂ ਨੂੰ ਦੂਜਿਆਂ ਸਾਹਮਣੇ ਰੱਖੋ ।ਆਪਣੀ ਕਾਬਲੀਅਤ ਨੂੰ ਪੇਸ਼ ਕਰੋ। ਜੋ ਲੋਕ ਸਮੁੰਦਰ ਵਿੱਚੋਂ ਹੀਰੇ ਮੋਤੀ ਚੁਣਦੇ ਹਨ, ਉਹ ਸਫ਼ਲਤਾ ਨੂੰ ਇੱਕ ਦਿਨ ਪ੍ਰਾਪਤ ਕਰਦੇ ਹਨ। ਜਦੋਂ ਤੁਸੀਂ ਟੀਚੇ ਤੇ ਪੁੱਜ ਜਾਂਦੇ ਹੋ, ਉਹੀ ਜ਼ਿੰਦਗੀ ਦਾ ਮਹੱਤਵਪੂਰਨ ਸਮਾਂ ਜ਼ਿੰਦਗੀ ਦਾ ਉਦੇਸ਼ ਹੁੰਦਾ ਹੈ ।ਕਦੇ ਵੀ ਝੂਠ ਦਾ ਸਹਾਰਾ ਨਾ ਲਵੋ ।ਜੇ ਝੂਠ ਬੋਲਦੇ ਰਹਾਂਗੇ ਤਾਂ ਸਾਡਾ ਟੀਚਾ ਪੂਰਨ ਨਹੀਂ ਹੋਵੇਗਾ ।ਆਪਣੇ ਮਨਚਾਹੇ ਟੀਚੇ ਤੱਕ ਮਿਹਨਤ ਨਾਲ ਪੁੱਜਣਾ ਹੀ ਤਰੱਕੀ ਹੈ । ਰਾਤਾਂ ਕਾਲੀਆਂ ਕਰਨੀਆਂ ਪੈਂਦੀਆਂ ਹਨ।ਕਾਰਾਂ ਕੋਠੀਆਂ ਬੰਗਲੇ ਇਹ ਕੋਈ ਤਰੱਕੀ ਨਹੀਂ ਹੈ। ਜੇ ਤੁਸੀਂ ਜ਼ਿੰਦਗੀ ਵਿੱਚ ਆਪਣਾ ਉਦੇਸ਼ ਹਾਸਲ ਕਰ ਲਿਆ ,ਉਹੀ ਤਰੱਕੀ ਹੈ । ਜਦੋਂ ਵੀ ਮਾੜਾ ਸਮਾਂ ਆਉਂਦਾ ਘਬਰਾਓ ਨਾ । ਕਈ ਵਾਰ ਕਹਿੰਦੇ ਹਨ ਕਿ ਸਮਾਂ ਸਾਡੀ ਗਵਾਹੀ ਦਿੰਦਾ ਹੈ। ਲੋਕਾਂ ਦਾ ਕੰਮ ਬੋਲਣਾ ਹੁੰਦਾ ਹੈ । ਜਦੋਂ ਸਮਾਂ ਆਉਂਦਾ ਹੈ ਤਾਂ ਉਹੀ ਲੋਕ ਤੁਹਾਡੀ ਪ੍ਰਸ਼ੰਸਾ ਕਰਦੇ ਹਨ। ਉਹਨਾਂ ਦਾ ਜੋ ਕੰਮ ਉਹਨਾਂ ਨੂੰ ਕਰਨ ਦਿਓ।ਤੁਸੀਂ ਆਪਣਾ ਕੰਮ ਕਰਦੇ ਰਹੋ ।ਤਾਂ ਹੀ ਤੁਸੀਂ ਵਧੀਆ ਟੀਚਾ ਹਾਸਿਲ ਕਰੋਗੇ ।ਇਹੀ ਜ਼ਿੰਦਗੀ ਦਾ ਨਿਚੋੜ ਹੈ, ਤਾਂ ਹੀ ਜ਼ਿੰਦਗੀ ਖ਼ੂਬਸੂਰਤ ਬਣ ਸਕਦੀ ਹੈ ।



ਸੰਜੀਵ ਸਿੰਘ ਸੈਣੀ


ਕਾਵਿ-ਸੰਸਾਰ
ਅੱਖਰਵਿਤਾ! ™
(An Acrostic Punjabi Poem on KavSansaar)
ਕਾਵਿਕ ਰਚਨਾਵਾਂ ਅਤੇ ਗਤੀਵਿਧੀਆਂ ਦਾ
ਵਿਆਪਕ ਰੂਪ ਵਿੱਚ
ਸੰਚਾਰ ਕਰਨ ਵਾਲਾ ਪੰਜਾਬੀ
ਸਾਹਿਤ ਦਾ ਇਕ ਖ਼ੂਬਸੂਰਤ ਬਿਜਲ
ਰਸਾਲਾ
ਪੰਜਾਬੀ ਸਾਹਿਤ ਜਗਤ 'ਚ ਇੱਕ ਨਵੀਂ ਕਾਵਿ-ਸ਼ੈਲੀ
ਦੀ ਕਾਢ
ਖੋਜਕਰਤਾ:
ਐਸ਼ਕ੍ਰਮ ਐਸ਼ਵਿਕ (ਐਸ਼)
www. kavsansaar.com
Read at: www.KavSansaar.com
©2019-2022 All rights reserved and encrypted by ASH , Poet, Linguist & Sociologist

# ਕੈਨੇਡਾ ਦੇ ਫੋਕਸ ਕਾਲਜ ਅਤੇ ਸਵਾਈਟ ਪਟਿਆਲਾ ਨੇ ਆਪਸੀ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ

ਸਰੀ, 13 ਜੂਨ (ਹਰਦਮ ਮਾਨ)-ਬੀ.ਸੀ. (ਕੈਨੇਡਾ) ਦੇ ਫੋਕਸ ਕਾਲਜ ਅਤੇ ਸਵਾਮੀ ਵਿਵੇਕਾਨੰਦ ਗਰੁੱਪ ਆਫ਼ ਇੰਸਟੀਚਿਊਟਸ (ਸਵਾਈਟ), ਪਟਿਆਲਾ (ਪੰਜਾਬ) ਵੱਲੋਂ ਬੀਤੇ ਦਿਨ ਵਿਦਿਅਕ ਉੱਦਮ ਨਾਲ ਇੱਕ ਸਮਝੌਤਾ ਪੱਤਰ (MOU) 'ਤੇ ਹਸਤਾਖਰ ਕੀਤੇ ਗਏ ਹਨ। ਇਸ ਆਪਸੀ ਸਮਝੌਤੇ ਨਾਲ SVIET ਦੇ ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ ਫੋਕਸ ਕਾਲਜ ਕੈਨੇਡਾ ਵਿਚ ਆਪਣੀ ਪੜ੍ਹਾਈ ਪੂਰੀ ਕਰਨ ਲਈ ਨਵੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਇਸ ਆਪਸੀ ਸਹਿਮਤੀ ਪੱਤਰ ਉੱਪਰ ਫੋਕਸ ਕਾਲਜ ਦੇ ਸੀ.ਈ.ਓ. ਸਜਾਦ ਅਲੀ ਅਤੇ ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਟਸ (ਸਵਾਈਟ) ਦੇ ਚੇਅਰਮੈਨ ਅਸ਼ਵਨੀ ਗਰਗ ਅਤੇ ਪ੍ਰੈਜ਼ੀਡੈਂਟ ਅਸ਼ੋਕ ਗਰਗ ਨੇ ਹਸਤਾਖਰ ਕੀਤੇ ਹਨ।




ਇਸ ਮੌਕੇ ਸਵਾਈਟ ਦੇ ਚੇਅਰਮੈਨ ਅਸ਼ਵਨੀ ਗਰਗ ਨੇ ਦੱਸਿਆ ਕਿ SVIET ਦੀ ਸਥਾਪਨਾ 2004 ਵਿੱਚ ਰਘੂਨਾਥ ਰਾਏ ਮੈਮੋਰੀਅਲ ਐਜੂਕੇਸ਼ਨ ਐਂਡ ਚੈਰੀਟੇਬਲ ਟਰੱਸਟ ਵੱਲੋਂ ਚੰਡੀਗੜ੍ਹ-ਪਟਿਆਲਾ ਨੈਸ਼ਨਲ ਹਾਈਵੇ 'ਤੇ ਚੰਡੀਗੜ੍ਹ ਤੋਂ 30 ਕਿਲੋਮੀਟਰ ਦੀ ਦੂਰੀ 'ਤੇ ਬਨੂੜ ਸਥਿਤ ਇੱਕ ਅਤਿ-ਆਧੁਨਿਕ ਕੈਂਪਸ ਰਾਹੀਂ ਕੀਤੀ ਗਈ ਸੀ। ਇਸ ਇੰਸਟੀਚਿਊਟ ਵਿਚ ਇੰਜੀਨੀਅਰਿੰਗ ਅਤੇ ਤਕਨਾਲੋਜੀ, ਫਾਰਮੇਸੀ, ਪ੍ਰਾਹੁਣਚਾਰੀ ਅਤੇ ਕੇਟਰਿੰਗ, ਸਿੱਖਿਆ, ਕੰਪਿਊਟਰ ਐਪਲੀਕੇਸ਼ਨ, ਬਿਜ਼ਨਸ ਸਟੱਡੀਜ਼, ਪੈਰਾ ਮੈਡੀਕਲ, ਬੇਸਿਕ ਸਾਇੰਸਜ਼ ਅਤੇ ਕਾਨੂੰਨ ਦੇ ਖੇਤਰ ਨਾਲ ਸੰਬਧਤ 42 ਕੋਰਸਾਂ ਵਿਚ ਵਿਦਿਆਰਥੀ ਸਿੱਖਿਆ ਹਾਸਲ ਕਰ ਰਹੇ ਹਨ।

ਫੋਕਸ ਕਾਲਜ ਦੇ ਸੀ.ਈ..ਓ. ਸਜਾਦ ਅਲੀ ਨੇ ਦੱਸਿਆ ਕਿ ਉਨ੍ਹਾਂ 1992 ਵਿਚ ਫੋਕਸ ਕਾਲਜ ਦੀ ਸਥਾਪਨਾ ਕੀਤੀ ਸੀ ਅਤੇ ਇਸ ਰਾਹੀਂ ਵਪਾਰ, ਆਈ.ਟੀ., ਅਤੇ ਸੈਰ-ਸਪਾਟਾ ਵਿੱਚ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ, ਰੁਜ਼ਗਾਰ-ਕੇਂਦ੍ਰਿਤ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਆਫਿਸ ਮੈਨੇਜਮੈਂਟ, ਅਕਾਊਂਟਿੰਗ, ਬਾਈ ਲਾ ਅਤੇ ਈ.ਐਸ.ਐਲ. ਛੋਟੇ ਕੋਰਸ ਵੀ ਕਰਵਾਏ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਇਹ ਸਹਿਯੋਗ ਦੋਵਾਂ ਸੰਸਥਾਵਾਂ ਲਈ ਆਪਸੀ ਤੌਰ 'ਤੇ ਲਾਭਦਾਇਕ ਹੋਵੇਗਾ ਅਤੇ ਸਵਾਈਟ ਦੇ ਵਿਦਿਆਰਥੀਆਂ ਲਈ ਬੀ.ਸੀ. (ਕੈਨੇਡਾ) ਵਿੱਚ ਕੇਲੋਨਾ, ਐਬਟਸਫੋਰਡ, ਸਰੀ ਅਤੇ ਵੈਨਕੂਵਰ ਵਿਖੇ ਸਥਿਤ ਫੋਕਸ ਕਾਲਜ ਦੇ ਚਾਰ ਕੈਂਪਸਾਂ ਵਿੱਚੋਂ ਕਿਸੇ ਵਿਚ ਵੀ ਆਪਣੀ ਪੜ੍ਹਾਈ ਪੂਰੀ ਕਰਨ ਲਈ ਵੱਖ-ਵੱਖ ਰਸਤੇ ਖੁੱਲ੍ਹ ਜਾਣਗੇ। ਇਸ ਮੌਕੇ ਕਾਲਜ ਦੀ ਮੈਨੇਜਮੈਂਟ ਵੱਲੋਂ ਉਮਰ ਦੁਰਾਨੀ, ਰੁਚੀ ਸਿੰਗਲਾ ਅਤੇ ਸਰੀ ਦੀ ਅਹਿਮ ਸ਼ਖ਼ਸੀਅਤ ਜਸਵਿੰਦਰ ਦਿਲਾਵਰੀ ਵੀ ਮੌਜੂਦ ਸਨ।

ਹਰਦਮ ਮਾਨ

# ਵਿਰੋਧੀ ਧਿਰ ਦੇ ਏਕੇ ਦਾ ਸਵਾਲ

ਵੈਸੇ ਤਾਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਮੇਂ-ਸਮੇਂ, ਮਿੱਥੇ ਹੋਏ ਭਾਰਤੀ ਸੰਵਿਧਾਨ ਦੇ ਪ੍ਰਤੀਕੂਲ ਮੌਕੇ ਦੇ ਹਾਕਮਾਂ ਵਲੋਂ ਵਿਰੋਧੀ ਧਿਰ ਨੂੰ ਦਬਾਉਣ ਲਈ ਲੋਕਤੰਤਰੀ ਕੀਮਤਾਂ ਦਾ ਹਨਨ ਕੀਤਾ ਜਾਂਦਾ ਰਿਹਾ।



ਭਾਰਤੀ ਗਣਤੰਤਰ 'ਚ ਸੂਬਿਆਂ ਨੂੰ ਦਿੱਤੇ ਹੱਕਾਂ ਉਤੇ ਛਾਪਾ ਮਾਰਕੇ ਕੇਂਦਰੀ ਸਰਕਾਰਾਂ ਆਪਣਾ ਰੋਹਬ ਦਾਬ ਬਣਾਈ ਰੱਖਦੀਆਂ ਰਹੀਆਂ, ਪਰ ਦੇਸ਼ 'ਚ ਲਗਾਈ 1975 ਦੀ ਐਮਰਜੈਂਸੀ ਸਮੇਂ ਤਾਂ ਸੰਵਿਧਾਨ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ। ਸਿੱਟੇ ਵਜੋਂ ਦੇਸ਼ 'ਚ ਰੋਹ ਜਾਗਿਆ। ਵਿਰੋਧੀ ਨੇਤਾ, ਜੈ ਪ੍ਰਕਾਸ਼ ਨਰਾਇਣ, ਬਾਬੂ ਜਗਜੀਵਨ ਰਾਮ ਆਦਿ ਦੀ ਅਗਵਾਈ 'ਚ ਇਕੱਠੇ ਹੋਏ ਅਤੇ ਕੇਂਦਰ 'ਚ ਸਰਕਾਰ 'ਚ ਆਪਣੀ ਸਰਕਾਰ ਬਨਾਉਣ 'ਚ ਕਾਮਯਾਬ ਹੋਏ। ਇਹ ਸਫਲਤਾ ਤਦੇ ਸੰਭਵ ਹੋਈ, ਜੇਕਰ ਵਿਰੋਧੀ ਧਿਰ ਇੱਕ ਜੁੱਟ ਸੀ।

ਪਹਿਲਾਂ ਪ੍ਰਧਾਨ ਮੰਤਰੀ ਚੁਨਣ ਵੇਲੇ ਅਤੇ ਬਾਅਦ 'ਚ ਆਪਸੀ ਕਾਟੋ ਕਲੇਸ਼ ਕਾਰਨ ਵਿਰੋਧੀ ਧਿਰਾਂ ਇੱਕ ਜੁੱਟ ਨਾ ਰਹਿ ਸਕੀਆਂ, ਕਿਉਂਕਿ ਰਸਤੇ ਵੱਖੋ-ਵੱਖਰੇ ਸਨ, ਇਸ ਲਈ ਕਾਂਗਰਸ ਨੇ ਮੁੜ ਪਾਰਟੀਆਂ 'ਚ ਦੁਫੇੜ ਪਾ ਦਿੱਤਾ ਅਤੇ ਵਿਰੋਧੀ ਧਿਰ ਦੀ ਸਰਕਾਰ ਤੋੜ ਦਿੱਤੀ। ਮੁਰਾਰਜੀ ਡਿਸਾਈ, ਬਾਬੂ ਜਗਜੀਵਨ ਰਾਮ ਅਤੇ ਕਈ ਹੋਰ ਨੇਤਾ ਪ੍ਰਧਾਨ ਮੰਤਰੀ ਦੀ ਦੌੜ ਵਿੱਚ ਸਨ। ਮੁਰਾਰਜੀ ਡਿਸਾਈ ਆਪਣੀ ਮਰਜ਼ੀ ਦੇ ਮਾਲਕ ਸਨ, ਮਨਮਾਨੀਆਂ ਕਾਰਨ ਵਿਰੋਧੀ ਧਿਰ ਨੂੰ ਉਹ ਇਕੱਠੇ ਨਾ ਰੱਖ ਸਕੇ। ਦੂਜਾ ਵਿਰੋਧੀ ਧਿਰ 'ਚ ਸ਼ਾਮਲ ਧਿਰਾਂ ਦੀ, ਲੋਕ ਹਿੱਤ ਪ੍ਰਤੀ ਵੱਖਰੀ ਪਹੁੰਚ ਸੀ, ਸਮਾਜਵਾਦੀ ਖੇਮਾ ਕਿਸੇ ਹੋਰ ਢੰਗ ਨਾਲ ਦੇਸ਼ ਨੂੰ ਚਲਾਉਣਾ ਚਾਹੁੰਦਾ ਸੀ, ਪਰ ਦੂਜੀਆਂ ਧਿਰਾਂ ਨਿੱਜੀਕਰਨ ਅਤੇ ਕੇਂਦਰੀਕਰਨ ਦੀ ਪਾਲਿਸੀ ਅਪਨਾ ਕੇ ਦੇਸ਼ ਉਤੇ ਰਾਜ ਕਰਨ ਲਈ ਤਤਪਰ ਸਨ।

ਦੇਸ਼ 'ਚ ਐਮਰਜੈਂਸੀ ਲਗਾਉਣ ਸਮੇਂ ਅਰਾਜਕਤਾ ਵਾਲੀ ਹਾਲਤ ਸੀ। ਜੈ ਪ੍ਰਕਾਸ਼ ਨੇ 1974 'ਚ ਜਦੋਂ ਪੂਰਨ ਇਨਕਲਾਬ ਦਾ ਨਾਹਰਾ ਦਿੱਤਾ, ਬਿਹਾਰ ਅਤੇ ਗੁਜਰਾਤ ਵਿੱਚ ਪੂਰਨ ਰੋਹ ਫੈਲਿਆ ਅਤੇ ਬਾਅਦ 'ਚ ਇਹੋ ਰੋਹ ਦੇਸ਼ ਵਿਆਪੀ ਹੋਇਆ। ਉਸਦਾ ਕਾਰਨ ਮੌਕੇ ਦੀ ਪ੍ਰਧਾਨ ਮੰਤਰੀ ਵਲੋਂ ਪ੍ਰਧਾਨ ਮੰਤਰੀ ਦਾ ਅਹੁਦਾ ਕਾਇਮ ਰੱਖਣ ਲਈ ਇੱਕ ਸਾਲ ਮਿਆਦ 'ਚ ਵਾਧਾ ਅਤੇ ਆਪਣੇ ਆਪ ਨੂੰ ਹੀ ਦੇਸ਼ ਦਾ ਇਕੋ ਇੱਕ ਨੇਤਾ ਘੋਸ਼ਿਤ ਕਰਨਾ ਸੀ। ਇੰਦਰਾ ਗਾਂਧੀ ਦੇ ਪੈਰੋਕਾਰ ਕਹਿੰਦੇ ਸਨ, "ਇੰਦਰਾ ਤੇਰੀ ਸਵੇਰ ਦੀ ਜੈ, ਇੰਦਰਾ ਤੇਰੀ ਸ਼ਾਮ ਦੀ ਜੈ, ਇੰਦਰਾ ਤੇਰੇ ਕੰਮ ਦੀ ਜੈ, ਇੰਦਰਾ ਤੇਰੇ ਨਾਮ ਦੀ ਜੈ" ਪਰ ਰੋਹ ਇੰਨਾ ਫੈਲਿਆ ਕਿ ਜਨਤਾ ਨੇ ਨਾਹਰਾ ਦਿੱਤਾ, "ਗੱਦੀ ਖਾਲੀ ਕਰੋ ਕਿ ਜਨਤਾ ਆ ਰਹੀ ਹੈ"।

ਅੱਜ ਦੇਸ਼ 'ਚ ਸਥਿਤੀ ਸੁਖਾਵੀਂ ਨਹੀਂ। ਦੇਸ਼ ਦੇ

ਹਾਕਮਾਂ ਉਤੇ ਇਲਜ਼ਾਮ ਲੱਗ ਰਹੇ ਹਨ ਕਿ ਉਹ ਦੇਸ਼ ਨੂੰ ਧੰਨ ਕੁਬੇਰਾਂ ਦੇ ਹੱਥ ਸੌਂਪ ਰਹੇ ਹਨ। ਉਹ ਦੇਸ਼ 'ਚ ਨਿੱਜੀਕਰਨ, ਕੇਂਦਰੀਕਰਨ ਦੀ ਨੀਤੀ ਲਾਗੂ ਕਰਨ ਦੇ ਰਾਹ ਉਤੇ ਹਨ। ਨਰੇਂਦਰ ਮੋਦੀ, ਬਾਰੇ ਉਹਨਾ ਦੇ ਪੈਰੋਕਾਰ ਕਹਿ ਰਹੇ ਹਨ ਕਿ ਮੋਦੀ ਹੈ ਤਾਂ ਮੁਮਕਿਨ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ ਮੋਦੀ ਸ਼ਾਸ਼ਨ ਦੇ 9 ਸਾਲਾਂ ਵਿੱਚ ਹੀ ਦੇਸ਼ 'ਚ ਤਰੱਕੀ ਹੋਈ ਹੈ। ਪਹਿਲਾਂ ਦੇਸ਼ 'ਚ ਵਿਕਾਸ ਨਹੀਂ ਹੋਇਆ। ਇਹੋ ਜਿਹੇ ਹਾਲਾਤਾਂ 'ਚ ਬਹੁਤੇ ਸਵਾਲ ਉੱਠ ਰਹੇ ਹਨ:-

(1) ਕਿਉਂ ਦੇਸ਼ ਦੇ ਸੰਘੀ ਢਾਂਚੇ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸੂਬਿਆਂ ਨੂੰ ਮਿਉਸਪੈਲਟੀਆਂ ਵਾਂਗਰ ਬਨਾਉਣ ਦੇ ਯਤਨ ਹੋ ਰਹੇ ਹਨ?

(2) ਕਿਉਂ ਵਿਰੋਧੀ ਧਿਰ ਦੀਆਂ ਦੇਸ਼ ਚ ਸਰਕਾਰਾਂ ਤੋੜੀਆਂ ਜਾ ਰਹੀਆਂ ਹਨ?

(3) ਕਿਉਂ ਕਿਸੇ ਵੀ ਹੀਲੇ ਵਸੀਲੇ ਕੇਂਦਰੀ ਹਾਕਮ ਚੋਣਾਂ ਜਿੱਤਣ ਦੇ ਰਾਹ ਹਨ?

(4) ਕਿਉਂ ਵਿਰੋਧੀ ਨੇਤਾਵਾਂ ਨੂੰ ਈਡੀ ਅਤੇ ਹੋਰ ਕੇਂਦਰੀ ਏਜੰਸੀਆਂ ਰਾਹੀਂ ਪ੍ਰੇਸ਼ਾਨ ਕਰਨ ਦੇ ਯਤਨ ਹੋ ਰਹੇ ਹਨ?

(5) ਕਿਉਂ ਦੇਸ਼ ਦੇ ਬੁੱਧੀਜੀਵੀਆਂ ਨੂੰ ਆਜ਼ਾਦੀ ਨਾਲ ਬੋਲਣ, ਵਿਚਰਨ 'ਤੇ ਦੇਸ਼ ਧ੍ਰੋਹੀ ਧਾਰਾਵਾਂ ਲਗਾਕੇ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ?

(6) ਕਿਉਂ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਨੁਕਰੇ ਲਾਇਆ ਜਾ ਰਿਹਾ ਹੈ?

ਮੌਜੂਦਾ ਸਰਕਾਰ 'ਤੇ ਦੋਸ਼ ਇਹ ਵੀ ਲੱਗਦੇ ਹਨ ਕਿ ਇਹ ਸਰਕਾਰ ਹਿੰਦੂਤਵ ਦਾ ਅਜੰਡਾ ਦੇਸ਼ 'ਤੇ ਲਾਗੂ ਕਰ ਰਹੀ ਹੈ। ਪਾਰਲੀਮੈਂਟ ਦੀ ਨਵੀਂ ਇਮਾਰਤ ਦੇ ਪ੍ਰਧਾਨ ਮੰਤਰੀ ਵਲੋਂ ਆਪ ਹੀ ਰਾਸ਼ਟਰਪਤੀ ਦੀ ਥਾਂ ਉਦਘਾਟਨ ਕਰਨ ਸਬੰਧੀ ਦੇਸ਼ ਦੀ ਵਿਰੋਧੀ ਧਿਰ ਦੇ ਨੇਤਾ ਇੱਕ ਮੁੱਠ ਹੋਏ ਹਨ। ਲਗਭਗ 22 ਵਿਰੋਧੀ ਪਾਰਟੀਆਂ ਨੇ ਉਦਘਾਟਨ ਸਮਾਰੋਹ ਦਾ ਬਾਈਕਾਟ ਕੀਤਾ ਹੈ। ਆਖ਼ਰ ਇਹ ਕਿਉਂ ਹੋਇਆ?

ਦੇਸ਼ 'ਚ ਗੈਰ ਲੋਕਤੰਤਰੀ ਕੰਮਾਂ 'ਚ ਵਾਧਾ ਹੋ ਰਿਹਾ ਹੈ। ਨਵੀਂ ਦਿੱਲੀ ਪ੍ਰਦੇਸ਼ ਉਤੇ ਆਪਣਾ ਗਲਬਾ ਬਣਾਈ ਰੱਖਣ ਲਈ ਸੁਪਰੀਮ ਕੋਰਟ ਵਲੋਂ ਦਿੱਤੀਆਂ ਹਦਾਇਤਾਂ ਦੇ ਬਾਵਜੂਦ ਦਿੱਲੀ ਦੇ ਮੌਜੂਦਾ ਲੈਫਟੀਨੈਂਟ ਗਵਰਨਰ ਦੀਆਂ ਸ਼ਕਤੀਆਂ ਬਣਾਈ ਰੱਖਣ ਲਈ ਜੋ ਨੋਟੀਫੀਕੇਸ਼ਨ ਜਾਰੀ ਕੀਤਾ ਹੈ ਉਹ ਕੇਜਰੀਵਾਲ ਦੀ ਚੁਣੀ ਹੋਈ ਸਰਕਾਰ ਦੀਆਂ ਤਾਕਤਾਂ ਸੀਮਤ ਕਰਨ ਵੱਲ ਵੱਡਾ ਕਦਮ ਹੈ।

ਇਸ ਨੋਟੀਫੀਕੇਸ਼ਨ ਦੇ ਵਿਰੋਧ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਪੰਜਾਬ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ, ਦੇਸ਼ ਦੀਆਂ ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਮਿਲੇ ਹਨ ਅਤੇ ਨੋਟੀਫੀਕੇਸ਼ਨ ਵਿਰੁੱਧ ਇੱਕ ਰਾਏ ਬਨਾਉਣ ਲਈ ਉਹ ਹਮਾਇਤ ਹਾਸਲ ਕਰ ਰਹੇ ਹਨ। ਲਗਭਗ 12 ਸਿਆਸੀ ਪਾਰਟੀਆਂ ਤੋਂ ਉਹ ਹਮਾਇਤ ਲੈ ਚੁੱਕੇ ਹਨ। ਇਸ ਤੋਂ ਪਹਿਲਾਂ ਵੀ ਮੋਦੀ ਸਰਕਾਰ ਵਲੋਂ ਪਲਾਨਿੰਗ ਕਮਿਸ਼ਨਰ ਦੇ ਪਰ ਕੱਟਕੇ ਬਣਾਏ ਨੀਤੀ ਆਯੋਗ ਦੀ ਮੀਟਿੰਗ ਦਾ 12 ਵਿਰੋਧੀ ਧਿਰ ਦੇ ਮੁੱਖ ਮੰਤਰੀਆਂ ਨੇ ਵਿਰੋਧ ਕੀਤਾ ਸੀ ਅਤੇ ਮੀਟਿੰਗ ਦਾ ਬਾਈਕਾਟ ਵੀ ਕੀਤਾ ਸੀ।

ਦੇਸ਼ ਵਿੱਚ ਵਿਰੋਧੀ ਧਿਰਾਂ, ਕਿਧਰੇ ਨਾ ਕਿਧਰੇ, ਕਿਸੇ ਨ ਕਿਸੇ ਕਾਰਨ ਇੱਕਮੁੱਠ ਹੋ ਰਹੀਆਂ ਹਨ। ਉਹ ਸੂਬਾ ਜਿਥੋਂ ਜੈ ਪ੍ਰਕਾਸ਼ ਨਰਾਇਣ ਦੇ ਇੰਦਰਾ ਗਾਂਧੀ ਵਿਰੋਧੀ ਲਹਿਰ ਚਲਾਕੇ ਕੇਂਦਰ ਸਰਕਾਰ ਹਿਲਾ ਦਿੱਤੀ ਸੀ। ਉਥੋਂ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਵਿਰੋਧੀਆਂ ਨੂੰ ਇੱਕਮੁੱਠ ਕਰਨ ਦੇ ਰਾਹ ਹਨ। ਉਹ ਕਾਂਗਰਸ ਖੱਬੀਆਂ ਪਾਰਟੀਆਂ, ਇਲਾਕਾਈ ਪਾਰਟੀਆਂ ਨਾਲ ਤਾਲਮੇਲ ਕਰਕੇ ਇੱਕ ਮੋਰਚਾ ਬਨਾਉਣ ਲਈ ਪਹਿਲਕਦਮੀ ਕਰਦਿਆਂ ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ ਚ ਜਾ ਕੇ ਸਾਂਝਾ ਪਲੇਟਫਾਰਮ ਬਨਾਉਣ ਲਈ ਤਜ਼ਵੀਜ ਪੇਸ਼ ਕੀਤੀ ਜਾ ਰਹੀ ਹੈ।

ਕਾਂਗਰਸ ਵੱਲੋ ਉਸ ਭਾਜਪਾ ਨੂੰ ਆਪਣੇ ਤੌਰ 'ਤੇ ਵੱਡੀ ਟੱਕਰ ਦਿੱਤੀ ਜਾ ਰਹੀ ਹੈ, ਜਿਹੜੀ ਦੇਸ਼ ਨੂੰ ਕਾਂਗਰਸ ਮੁਕਤ ਕਰਨਾ ਚਾਹੁੰਦੀ ਹੈ। ਦੇਸ਼ ਵਿਆਪੀ ਮਾਰਚ ਕੱਢ ਕੇ "ਗਾਂਧੀ ਪਰਿਵਾਰ" ਦੇ ਫਰਜੰਦ ਰਾਹੁਲ ਗਾਂਧੀ ਨੇ ਕਾਂਗਰਸ ਨੂੰ ਮੁੜ ਥਾਂ ਸਿਰ ਕੀਤਾ ਹੈ ਅਤੇ ਦੇਸ਼ਾਂ, ਵਿਦੇਸ਼ਾਂ 'ਚ ਭਾਜਪਾ ਨੂੰ ਘੇਰ ਕੇ ਉਹਨਾਂ ਲਈ ਸਿਰ ਦਰਦੀ ਖੜੀ ਕਰ ਦਿੱਤੀ ਹੈ।ਪਿਛਲੇ ਦਿਨੀਂ ਜਦ ਮਲਿਕ ਅਰਜੁਨ ਖੜਗੇ ਕਾਂਗਰਸ ਪ੍ਰਧਾਨ ਜੋ ਅਨੁਸੂਚਿਤ ਜਾਤੀ ਨਾਲ ਸੰਬੰਧਤ ਹਨ ਦਾ ਨਾਂਅ ਕਾਂਗਰਸ ਵੱਲੋ ਅਗਲੇ ਪ੍ਰਧਾਨ ਮੰਤਰੀ ਬਨਾਉਣ ਲਈ ਤੁਰਿਆ ਤਾਂ ਦੇਸ਼ ਦੀ ਸਿਆਸਤ ਚ ਤਰਥੱਲੀ ਮੱਚ ਗਈ । ਭਾਜਪਾ ਸੁਚੇਤ ਹੋਈ ਅਤੇ ਉਸੇ ਵੇਲੇ ਬਸਪਾ ਨੇ ਐਲਾਨ ਕਰ ਦਿੱਤਾ ਕਿ ਮਾਇਆਵਤੀ ਦੇਸ਼ ਦੀ ਪ੍ਰਧਾਨ ਮੰਤਰੀ ਬਨਣ ਲਈ ਦੌੜ ਵਿੱਚ ਹੈ ਅਤੇ ਉਹਨਾਂ ਦੀ ਪਾਰਟੀ ਸਮੁੱਚੇ ਦੇਸ਼ ਚ ਇਕੱਲਿਆਂ ਚੋਣ ਲੜੇਗੀ ।

ਅੱਜ ਦੇਸ਼ ਵਿੱਚ ਅਸੰਤੋਸ਼ ਹੈ। ਦੱਖਣ ਵਿੱਚ ਭਾਜਪਾ ਵਿਧਾਨ ਸਭਾ ਚੋਣਾਂ, ਬਾਵਜੂਦ ਆਪਣੇ ਕ੍ਰਿਸ਼ਮਈ ਨੇਤਾ ਨਰੇਂਦਰ ਮੋਦੀ ਦੇ ਵੱਡੇ ਭਾਸ਼ਨਾਂ ਅਤੇ ਇਕੱਠ ਦੇ, ਚੋਣਾਂ ਬੁਰੀ ਤਰ੍ਹਾਂ ਹਾਰ ਗਈ ਹੈ । ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ 'ਚ ਹੋਣ ਵਾਲੀਆਂ ਵਿਧਾਨ ਸਭਾਈ ਚੋਣਾਂ, ਜੋ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋਣੀਆਂ ਹਨ, ਰਾਜਸਥਾਨ ਤੇਲੰਗਾਨਾ ,ਮੀਜ਼ੋਰਮ ਵੀ ਵਿਧਾਨ ਸਭਾ ਚੋਣਾਂ ਦੀ ਉਡੀਕ 'ਚ ਹਨ , ਜਿਹਨਾਂ ਦੀ ਮਿਆਦ 2024 ਲੋਕ ਸਭਾ ਚੋਣਾਂ ਤੋਂ ਪਹਿਲਾਂ ਹੈ । ਇਹਨਾਂ ਚੋਣਾਂ ਚ ਕਾਂਗਰਸ ਅਤੇ ਹੋਰ ਵਿਰੋਧੀ ਧਿਰਾਂ ਦੀ ਕਾਰਗੁਜ਼ਾਰੀ 2024 ਦੀਆਂ ਚੋਣਾਂ 'ਤੇ ਪ੍ਰਭਾਵ ਪਾਏਗੀ , ਜਿਸ ਵਾਸਤੇ ਵਿਰੋਧੀ ਧਿਰ ਇੱਕ ਜੁੱਟ ਹੋ ਕੇ ਭਾਜਪਾ ਨੂੰ ਟੱਕਰ ਦੇਣਾ ਚਾਹੁੰਦੀ ਹੈ ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਵਿਰੋਧੀ ਧਿਰ ਇਕੱਠੀ ਹੋਏਗੀ? ਕਿਹੜੇ ਮੁੱਦਿਆਂ ਨੂੰ ਲੈ ਕੇ ਸਾਂਝਾ ਫਰੰਟ ਬਣਾਏਗੀ ? ਕੀ ਖੱਬੀਆਂ , ਸਮਾਜਵਾਦੀ ਧਿਰਾਂ ਨਾਲ "ਸਾਂਝੇ ਘੱਟੋ-ਘੱਟ ਪ੍ਰੋਗਰਾਮ" ਲਾਗੂ ਕਰਨ ਦੇ ਮੁੱਦੇ 'ਤੇ ਆਮ ਰਾਏ ਹੋ ਸਕੇਗੀ । ਕੀ ਕੌਮੀ ਹਿੱਤ ਲਈ ਪਾਰਟੀਆਂ ਆਪਣੇ ਸੌੜੇ ਹਿੱਤ ਤਿਆਗ ਦੇਣਗੀਆਂ ਅਤੇ ਦੇਸ਼ ਨੂੰ ਦਰਮੇਸ਼ ,ਬੇਰੁਜ਼ਗਾਰੀ ਗਰੀਬਾਂ, ਭ੍ਰਿਸ਼ਟਾਚਾਰ , ਭੁੱਖਮਰੀ , ਨਿੱਜੀਕਰਨ , ਸੰਘੀ ਢਾਂਚੇ ਦੀ ਰੱਖਿਆ , ਸੂਬਿਆਂ ਦੇ ਵੱਧ ਅਧਿਕਾਰ , ਮਨੁੱਖੀ ਅਧਿਕਾਰਾਂ ਆਦਿ ਮੁੱਦਿਆਂ ਸੰਵਿਧਾਨ ਚ ਮਿਲੇ ਮੌਲਿਕ ਅਧਿਕਾਰਾਂ ਆਦਿ ਮੁੱਦਿਆਂ ਨੂੰ ਬਿਲਕੁਲ ਉਸੇ ਤਰ੍ਹਾਂ ਪਬਲਿਕ ਵਿੱਚ ਲੈ ਕੇ ਜਾਣ 'ਚ ਕਾਮਯਾਬ ਹੋਣਗੀਆਂ ਜਿਵੇਂ 1974-77 ਚ ਲੋਕ ਰੋਹ ਭੱਖਿਆ , ਮਘਿਆ ਸੀ। ਕਿਉਂਕਿ ਦੇਸ਼ ਦੀ ਪਾਰਲੀਮੈਂਟ ਚ ਇਹ ਮੁੱਦੇ ਉਠਾਏ ਜਾਣ ਦੀ ਹਾਕਮ ਧਿਰ ਆਗਿਆ ਹੀ ਨਹੀਂ ਦਿੰਦਾ ਕਿਉਂਕਿ ਉਹ ਭਾਰੀ ਬਹੁਮਤ 'ਚ ਹੈ ਅਤੇ ਵਿਰੋਧੀ ਧਿਰ ਵੀ ਵੱਖਰੀ ਹੋਣ ਕਾਰਨ ਖ਼ਾਸ ਕਰਕੇ ਲੋਕ ਸਭਾ 'ਚ ਆਪਣੀ ਕਾਰਗੁਜ਼ਾਰੀ ਨਹੀਂ ਦਿਖਾ ਪਾ ਰਹੀ ।

ਇਸ ਲਈ ਇਸ ਵੇਲੇ ਵਿਰੋਧੀ ਧਿਰ ਕੋਲ ਇੱਕੋ ਇੱਕ ਰਾਹ "ਲੋਕ ਅਦਾਲਤ" ਹੈ। ਜਿਸਦੀ ਕਚਿਹਰੀ 'ਚ ਵਿਰੋਧੀ ਧਿਰ ਪੱਖ ਰੱਖ ਸਕਦੀ ਹੈ ਕਿ ਕਿਵੇਂ ਪਿਛਲੇ 9 ਸਲਾਂ 'ਚ ਦੇਸ਼ ਕਰਜ਼ਾਈ 'ਤੇ ਕਰਜ਼ਾਈ ਹੋ ਰਿਹਾ ਹੈ ਅਤੇ ਉਸ ਉਤੇ ਕਰਜ਼ਾ 155 ਲੱਖ ਕਰੋੜ ਹੈ ਜੋ 2014 'ਚ 55 ਲੱਖ ਕਰੋੜ ਸੀ। ਦੇਸ਼ 'ਚ ਗਰੀਬੀ ਵਧੀ ਹੈ। ਬੇਰੁਜ਼ਗਾਰੀ 'ਚ ਵਾਧਾ ਹੋਇਆ ਹੈ। ਘੱਟ ਗਿਣਤੀਆਂ ਦਾ ਭਵਿੱਖ ਦਾਅ 'ਤੇ ਲਗਾਇਆ ਜਾ ਚੁੱਕਾ ਹੈ ਦੇਸ਼ 'ਚ। ਦੇਸ਼ 'ਚ ਵਿਰੋਧੀ ਅਵਾਜ਼ ਦਬਾਈਆਂ ਜਾ ਰਹੀਆਂ ਹਨ। ਮਨਮਰਜ਼ੀ ਦੇ ਕਾਨੂੰਨ ਪਾਸ ਕੀਤੇ ਜਾ ਰਹੇ ਹਨ। ਪਿਛਲੇ ਸਾਲ ਜਦੋਂ ਦੇਸ਼ ਦੀ ਸੁਪਰੀਮ ਕੋਰਟ ਨੇ ਦੇਸ਼ ਧ੍ਰੋਹ ਵਾਲੇ ਕਾਨੂੰਨ ਬਾਰੇ ਕੁਝ ਔਖੇ ਸਵਾਲ ਪੁੱਛੇ ਤਾਂ ਕੇਂਦਰ ਨੇ ਕਿਹਾ ਸਰਕਾਰ ਨਜ਼ਰਸਾਨੀ ਕਰੇਗੀ। ਜਾਪਣ ਲੱਗ ਪਿਆ ਸੀ ਕਿ ਅੰਗਰੇਜ਼ਾਂ ਨੇ ਜਿਹੜੇ 1870 ਵਿਚਾਰਧਾਰਾ 12-ਏ ਵਾਲਾ ਕਾਨੂੰਨ ਬਣਾਇਆ ਸੀ, ਕੇਂਦਰ ਇਸ ਕਾਨੂੰਨ ਦੇ ਖਾਤਮੇ ਵੱਲ ਤੁਰ ਪਈ ਹੈ। ਪਰ ਦੇਸ਼ ਦੇ ਇਕਲੌਤੇ ਕਾਨੂੰਨ ਕਮਿਸ਼ਨ ਨੇ ਕਿਹਾ ਕਿ ਇਹ ਕਾਨੂੰਨ ਸਖ਼ਤ ਕਰੋ। ਦੇਸ਼ ਧਰੋਹੀ ਜੇਲ੍ਹ ਸੁੱਟੋ। ਹੈਰਾਨੀ ਹੈ ਕਿ ਮੋਦੀ ਰਾਜ ਤੋਂ

ਪਹਿਲਾਂ ਵਿਰਲਾ ਟਾਵਾਂ ਦੇਸ਼ ਧ੍ਰੋਹੀ ਲੱਭਦਾ ਸੀ, ਪਰ ਮੋਦੀ ਰਾਜ ਵੇਲੇ ਥਾਓਂ-ਥਾਈ ਦੇਸ਼ ਧ੍ਰੋਹੀ ਲੱਭ ਗਏ। ਇਹੋ ਜਿਹੇ ਕਾਨੂੰਨਾਂ ਦਾ ਜੇਕਰ ਵਿਰੋਧ ਨਹੀਂ ਹੁੰਦਾ ਤਾਂ ਤਸੱਵਰ ਕਰੋ ਕਿ ਹਰ ਨੌਜਵਾਨ ਜੇਲ੍ਹਾਂ 'ਚ ਸੜੇਗਾ।

ਦੇਸ਼ ਦੀ ਰਾਜ ਸਭਾ 'ਚ ਜੇਕਰ ਉਸ ਦਿੱਲੀ ਨੋਟੀਫੀਕੇਸ਼ਨ ਦਾ ਪੂਰਾ ਵਿਰੋਧ, ਵਿਰੋਧੀ ਪਾਰਟੀਆਂ ਕਰਦੀਆਂ ਹਨ ਤਾਂ ਇਹ ਨੋਟੀਫੀਕੇਸ਼ਨ, ਜੋ ਸੰਘੀ ਢਾਂਚੇ ਵਿਰੋਧੀ ਹੈ, ਪਾਸ ਨਹੀਂ ਹੋਏਗਾ ਅਤੇ ਵਿਰੋਧੀ ਧਿਰ ਆਪਣੀ ਇਕਜੁੱਟਤਾ ਵਿਖਾਵੇਗੀ। ਜਿਵੇਂ ਆਮ ਆਦਮੀ ਪਾਰਟੀ ਇਸ ਨੋਟੀਫੀਕੇਸ਼ਨ ਦੇ ਵਿਰੋਧ 'ਚ ਰਾਮ ਲੀਲਾ ਗਰਾਊਂਡ 'ਚ ਭਰਵੀ ਰੈਲੀ ਕਰਨ 'ਚ ਕਾਮਯਾਬ ਹੋਈ ਹੈ, ਇਵੇਂ ਦੀਆਂ ਵਿਰੋਧੀ ਧਿਰ ਦੀਆਂ ਭਰਵੀਆਂ ਰੈਲੀਆਂ ਲੋਕਾਂ ਨੂੰ ਸਰਕਾਰ ਦੇ ਅੰਦਰੂਨੀ ਅਜੰਡੇ ਬਾਰੇ ਸੁਚੇਤ ਕਰਨ ਲਈ ਸਹਾਈ ਹੋਣਗੀਆਂ।

ਇਸ ਵੇਲੇ ਦੇਸ਼ 'ਚ 6 ਰਾਸ਼ਟਰੀ ਸਿਆਸੀ ਪਾਰਟੀਆਂ ਹਨ, 54 ਸੂਬਾਈ ਪਾਰਟੀਆਂ ਅਤੇ 2597 ਗੈਰ-ਪ੍ਰਵਾਨਿਤ ਸਿਆਸੀ ਪਾਰਟੀਆਂ ਹਨ। ਪ੍ਰਮੁੱਖ ਤੌਰ 'ਤੇ ਆਲ ਇੰਡੀਆ ਤ੍ਰਿਮੂਲ ਕਾਂਗਰਸ, ਬਹੁਜਨ ਸਮਾਜ ਪਾਰਟੀ, ਭਾਰਤੀ ਜਨਤਾ ਪਾਰਟੀ, ਕਮਿਊਨਿਸਟ ਪਾਰਟੀ ਆਫ ਇੰਡੀਆ, ਕਮਿਊਨਿਸਟ ਪਾਰਟੀ ਆਫ ਇੰਡੀਆ ਮਾਰਕਸੀ, ਇੰਡੀਅਨ ਨੈਸ਼ਨਲ ਕਾਂਗਰਸ, ਨੈਸ਼ਨਲਿਸਟ ਕਾਂਗਰਸ। ਹੋਰ ਪ੍ਰਮੁੱਖ ਧਿਰਾਂ 'ਚ ਡੀਐਮਕੇ, ਅੰਨਾ ਡੀਐਮਕੇ, ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਹਨ। ਇਹਨਾ ਪਾਰਟੀਆਂ ਦੀਆਂ ਆਪਣੀਆਂ ਪਾਲਿਸੀਆਂ ਹਨ ਅਤੇ ਆਪਣੇ ਪਲਾਨ ਹਨ। ਇਹ ਪਾਰਟੀਆਂ ਚੋਣਾਂ ਜਿੱਤਕੇ ਆਪਣੀ ਪਾਲਿਸੀਆਂ ਲਾਗੂ ਕਰਦੀਆਂ ਹਨ।

ਇੱਕ ਪਾਸੇ ਹਾਕਮ ਧਿਰ ਇਹ ਕਹਿੰਦੀ ਹੈ ਕਿ ਉਸਨੇ ਇੱਕ ਨਵੇਂ ਭਾਰਤ ਦਾ ਨਿਰਮਾਣ ਦਾ ਬੀੜਾ ਚੁੱਕਿਆ ਹੈ, ਜਦਕਿ ਬਹੁਤੀਆਂ ਵਿਰੋਧੀ ਧਿਰਾਂ ਭਾਜਪਾਈ ਸਰਕਾਰ ਉਤੇ ਡਿਕਟੇਟਰਾਨਾ ਰਵੱਈਆ ਅਖ਼ਤਿਆਰ ਕਰਕੇ ਵਿਰੋਧੀਆਂ ਨੂੰ ਜਿੱਚ ਕਰਨ ਅਤੇ ਇਕਾਅਧਿਕਾਰ ਕਾਇਮ ਕਰਨ ਦਾ ਇਲਜਾਮ ਲਾਉਂਦੀਆਂ ਇਹ ਕਹਿੰਦੀਆਂ ਹਨ ਕਿ ਇਸ ਸਰਕਾਰ ਦੇ ਸਮੇਂ ਦੇਸ਼ ਆਰਥਿਕਤਾ ਨਿਵਾਣਾ ਵੱਲ ਗਈ ਹੈ ਅਤੇ ਇਸ ਸਰਕਾਰ ਨੇ ਕੌਮੀ ਸੋਮੇ ਧੰਨ ਕੁਬੇਰਾਂ ਨੂੰ ਸੌਂਪ ਕੇ, ਦੇਸ਼ ਦੀ ਦੌਲਤ ਅਤੇ ਦੇਸ਼, ਕਾਰਪੋਰੇਟਾਂ ਹੱਥ ਗਹਿਣੇ ਧਰ ਦਿੱਤਾ ਹੈ। ਗਰੀਬਾਂ ਅਤੇ ਅਮੀਰਾਂ ਦਾ ਪਾੜਾ ਵਧਿਆ ਹੈ ਅਤੇ ਦੇਸ਼ ਡਿਕਟੇਟਰਾਨਾ ਰਾਜ ਅਤੇ ਹਿੰਦੂ ਰਾਜ ਵੱਲ ਅੱਗੇ ਵਧ ਰਿਹਾ ਹੈ।

ਅੱਜ ਵਿਰੋਧੀ ਧਿਰ ਲਈ ਦੇਸ਼ ਦੀ ਜਨਤਾ ਕੋਲ ਜਾਣ ਦੇ ਹਾਲਾਤ ਬਹੁਤ ਸਾਜ਼ਗਾਰ ਹਨ। ਲੋਕਾਂ 'ਚ ਅਸੰਤੋਸ਼ ਹੈ। ਗੁੱਸਾ ਜੈ। ਨੋਟਬੰਦੀ, ਧਾਰਾ 370, ਸੀ.ਆਈ.ਏ. ਕਾਨੂੰਨ, ਕਰੋਨਾ 'ਚ ਬਦਇੰਤਜਾਮੀ ਆਦਿ ਸਰਕਾਰ ਦੀਆਂ ਨਾਕਾਮੀਆਂ ਦੀ ਦਾਸਤਾਨ ਸਾਹਮਣੇ ਹੈ। ਆਰਥਿਕ ਪ੍ਰਬੰਧ ਚਲਾਉਣ ਲਈ ਦੂਰ ਦ੍ਰਿਸ਼ਟੀ ਦੀ ਘਾਟ ਅਤੇ ਦੇਸ਼ ਦੀਆਂ ਸੰਵਾਧਾਨਿਕ ਸੰਸਥਾਵਾਂ ਨੂੰ ਆਪਣੇ ਹਿੱਤ 'ਚ ਵਰਤਣ ਨਾਲ ਲੋਕਾਂ 'ਚ ਨਿਰਾਸ਼ਤਾ ਹੈ।

ਇਸ ਨਿਰਾਸ਼ਤਾ, ਇਸ ਰੋਸ ਨੂੰ ਵਿਰੋਧੀ ਧਿਰਾਂ ਆਪਣੇ ਢੰਗ ਨਾਲ ਵਰਤ ਸਕਦੀਆਂ ਹਨ, ਜਿਵੇਂ ਕਾਂਗਰਸ ਨੇ ਹਮਲਾਵਰ ਰੁੱਖ ਅਪਨਾ ਵਰਤਿਆ ਹੈ।

ਬਿਨ੍ਹਾਂ ਸ਼ੱਕ ਬਿਹਾਰ ਦੇ ਨਤੀਸ਼ ਕੁਮਾਰ ਤ੍ਰਿਮੂਲ ਕਾਂਗਰਸ ਦੀ ਮਮਤਾ ਬੈਨਰਜੀ, ਆਮ ਆਦਮੀ ਪਾਰਟੀ ਦੇ ਕੇਜਰੀਵਾਲ, ਕਾਂਗਰਸ ਦੇ ਮਲਿਕ ਅਰਜੁਨ ਖੜਗੇ ਜਾਂ ਰਾਹੁਲ ਗਾਂਧੀ ਜਾਂ ਕੋਈ ਹੋਰ ਪ੍ਰਧਾਨ ਮੰਤਰੀ ਬਨਣ ਦੀ ਕਤਾਰ ਵਿੱਚ ਹੋਣਗੇ, ਪਰ ਦੇਸ਼ ਦੀ ਵਾਂਗਰਡੋਰ ਸੰਭਾਲਣ ਦੇ ਸਮਰੱਥ ਉਹੀ ਨੇਤਾ ਜਾਂ ਪਾਰਟੀ ਅੱਗੇ ਆ ਸਕੇਗੀ, ਜਿਹੜੀ ਉਜਾੜੇ ਵੱਲ ਵੱਧ ਰਹੇ ਦੇਸ਼ ਦੀ ਜਨਤਾ ਲਈ ਕੋਈ ਆਸ ਦੀ ਕਿਰਨ ਵਿਖਾਏਗੀ।

ਗੁਰਮੀਤ ਸਿੰਘ ਪਲਾਹੀ

# ਪ੍ਰਦੇਸੀ ਸਾਹਿਤਕਾਰਾਂ ਨੂੰ ਡਾਇਰੈਕਟਰੀ ਲਈ ਜਾਣਕਾਰੀ ਭੇਜਣ ਦੀ ਅਪੀਲ

ਸਰੀ, (ਹਰਦਮ ਮਾਨ)-ਵਿਦੇਸ਼ਾਂ ਵਿੱਚ ਪੰਜਾਬੀ ਮਾਂ ਬੋਲੀ ਦੀ ਸੇਵਾ ਵਿਚ ਕਾਰਜਸ਼ੀਲ ਸਾਹਿਤਕਾਰਾਂ, ਕਲਮਕਾਰਾਂ ਅਤੇ ਮਾਂ ਬੋਲੀ ਦੇ ਪਿਆਰਿਆਂ ਲਈ ਇਕ ਡਾਇਰੈਕਟਰੀ ਤਿਆਰ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਡਾ. ਜਸਬੀਰ ਸਿੰਘ ਸਰਨਾ ਅਤੇ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਦੱਸਿਆ ਹੈ ਕਿ ਇਸ ਡਾਇਰੈਕਟਰੀ ਵਿਚ ਭਾਰਤ ਨੂੰ ਛੱਡ ਕੇ ਅਮਰੀਕਾ, ਕੈਨੇਡਾ, ਇੰਗਲੈਂਡ, ਪਾਕਿਸਤਾਨ, ਯੂਰਪ ਆਦਿ ਦੇਸ਼ਾਂ ਦੇ ਪੰਜਾਬੀ ਸਾਹਿਤਕਾਰ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਸਾਰੇ ਅਦੀਬਾਂ ਨੂੰ ਬੇਨਤੀ ਹੈ ਕਿ ਇਕ ਮਹੀਨੇ ਦੇ ਅੰਦਰ ਅੰਦਰ ਆਪਣੇ ਬਾਰੇ ਜਾਣਕਾਰੀ ਭੇਜਣ ਦੀ ਅਪੀਲ ਕੀਤੀ ਹੈ। ਸਾਹਿਤਕਾਰਾਂ ਨੂੰ ਆਪਣਾ ਨਾਮ, ਜਨਮ ਮਿਤੀ, ਜਨਮ ਸਥਾਨ, ਮਾਤਾ ਪਿਤਾ ਦਾ ਨਾਂ, ਕਿੱਤਾ, ਪੁਸ਼ਤਨੀ ਪਿੰਡ ਅਤੇ ਦੇਸ਼, ਛਪੀਆਂ ਪੁਸਤਕਾਂ ਅਤੇ ਵਰ੍ਹਾ, ਇਨਾਮ-ਸਨਮਾਨ, ਪੂਰਾ ਪਤਾ, ਇਕ ਰੰਗਦਾਰ ਫੋਟੋ, ਮੋਬਾਇਲ ਫੋਨ, ਈਮੇਲ ਦੀ ਜਾਣਕਾਰੀ ਭੇਜਣ ਲਈ ਕਿਹਾ ਗਿਆ ਹੈ। ਇਹ ਜਾਣਕਾਰੀ ਇਕ ਮਹੀਨੇ ਦੇ ਅੰਦਰ ਅੰਦਰ ਡਾ. ਜਸਬੀਰ ਸਿੰਘ ਸਰਨਾ ਨੂੰ WhatsApp. 09906566604, Email jbsingh.801@gmail.com ਉੱਪਰ ਅਤੇ ਡਾ. ਚਰਨਜੀਤ ਸਿੰਘ ਗੁਮਟਾਲਾ ਨੂੰ WhatsApp. 919417533060, Email gumtalacs@gmail.com ਉੱਪਰ ਭੇਜੀ ਜਾ ਸਕਦੀ ਹੈ।




ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਨ੍ਹਾਂ ਸ਼ਖ਼ਸੀਅਤਾਂ ਵੱਲੋਂ ਅਦਬਨਾਮਾ ਖਾਲਸਾ ਕਾਲਜ ਅੰਮ੍ਰਿਤਸਰ ਦੇ ਦੋ ਐਡੀਸ਼ਨ ਪ੍ਰਕਾਸ਼ਿਤ ਕੀਤੇ ਜਾ ਚੁੱਕੇ ਹਨ।

**ਹਰਦਮ ਮਾਨ**
**ਸਪੈਸ਼ਲ ਰਿਪੋਰਟਰ, ਬੀ.ਸੀ., ਕੈਨੇਡਾ**

# ਕੰਧਾਂ/ ਬੇੜੀਆਂ ਤੋਂ ਮੁਕਤੀ ਲਈ ਯਤਨ-"ਡੂੰਘੇ ਦਰਦ ਦਰਿਆਵਾਂ ਦੇ"

ਗੁਰੂ ਨਾਨਕ ਦੇਵ ਜੀ ਦੇ ਮਹਾਂ ਵਾਕ ' ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ' ਅਨੁਸਾਰ ਅਸਲ ਲਿਖਾਰੀ ਓਹੀ ਹੈ ਜੋ ਕ੍ਰਾਂਤੀਕਾਰੀ, ਕਲਿਆਨਕਾਰੀ, ਸੱਚ ਲਿਖਦਾ ਹੈ, ਜੋ ਅੰਦਰਲੀ ਕਾਵਿਕ ਹੇਕ ਦੀ ਸੰਘੀ ਨਹੀਂ ਘੁੱਟਦਾ। ਉਹ ਨਿਤਾਣੇ ਦਾ




ਤਾਣ ਬਣਨ ਲਈ ਆਪਣੇ ਸ਼ਬਦ ਲੈ ਕੇ ਲੋਕ ਵਿਹੜਿਆਂ ਵੱਲ ਕਦਮ ਵਧਾਉਂਦਾ ਹੈ। ਡਾ ਮੇਹਰ ਮਾਣਕ ਆਪਣੀ ਕਾਵਿ ਸਮਰੱਥਾ ਸਹਿਤ ਇਸ ਮਾਰਗ ਦਾ ਪ੍ਰਤੀਬੱਧ ਪਾਂਧੀ ਹੈ। ਕਵਿਤਾ ਨੂੰ ਕਵੀ ਦੇ ਨਿੱਜ ਨਾਲੋਂ ਤੋੜਿਆ ਨਹੀਂ ਜਾ ਸਕਦਾ ਪਰ ਉਹ ਨਿੱਜ ਦੀ ਪਰਿਕਰਮਾ ਕਰਦੀ ਹੋਈ ਆਪਣੀ ਊਰਜਾ ਨਸ਼ਟ ਨਾ ਕਰ ਦੇਵੇ। ਇਸ ਦ੍ਰਿਸ਼ਟੀ ਤੋਂ ਡਾ ਮੇਹਰ ਮਾਣਕ ਦੀ ਕਵਿਤਾ ਸੁਜੱਗ ਹੈ ; ਉਹ ਆਮ ਮਨੁੱਖ ਦੇ ਜੀਵਨ ਮਸਲਿਆਂ ਨੂੰ ਉਭਾਰਦੀ, ਪ੍ਰਸਿਥਤੀਆਂ ਦੀ ਸਹਿਜ ਪਰਖ ਪੜਚੋਲ ਕਰਕੇ ਢੁਕਵਾਂ ਮਾਰਗ ਦਰਸ਼ਨ ਕਰਨ ਦੀ ਜ਼ਿੰਮੇਵਾਰੀ ਨਿਭਾਉਂਦੀ ਹੈ ਕਿਉਂਕਿ ਅਸਲ ਕਵੀ ਦੀ ਕਾਵਿ-ਨਬਜ ਲੋਕਾਂ ਲਈ ਹੀ ਧੜਕਦੀ ਹੈ। ਕਵੀ ਦੀ ਸਿਰਜਣਾ ਭਾਵੇਂ ਉਚਾਈ ਤੇ ਗਹਿਰਾਈ ਕਾਇਮ ਰੱਖਦੀ ਹੈ ਪਰ ਉਸ ਦੀ ਕਵਿਤਾ ਨੂੰ ਲੋਕਾਂ ਦੀ ਗੱਲ ਲੋਕ ਭਾਸ਼ਾ ਰਾਹੀਂ ਕਰਦੀ ਹੋਣ ਕਾਰਨ ਮਨ ਵਿੱਚ ਉਤਾਰਨ ਲਈ ਕਿਸੇ ਵਿਸ਼ੇਸ਼ ਮਾਨਸਿਕ ਮਸ਼ਕ ਦੀ ਜ਼ਰੂਰਤ ਨਹੀਂ ਪੈਂਦੀ।

ਕਿਤਾਬ ਦੇ ਤਤਕਰੇ ਦੇ ਮੁੱਢਲੇ ਭਾਗ ਵਿੱਚ ਦਰਜ ਦਰਿਆਵਾਂ ਦੇ ਨਾਮ ਪਾਠਕ ਨੂੰ ਦਰਿਆਵਾਂ ਦੇ ਡੂੰਘੇ ਦਰਦ ਨਾਲ ਜੁੜਣ ਲਈ ਉਤਸੁਕ ਕਰਦੇ ਹਨ। ਕਵੀ ਦਰਿਆਵਾਂ ਨੂੰ ਰੂਪਕ ਅਲੰਕਾਰ ਵਜੋਂ ਵਰਤ ਕੇ ਦਰਿਆਵਾਂ ਦੇ ਦਰਦ ਨਾਲ ਨਾਲ ਮਨੁੱਖ ਦਾ ਦਰਦ ਵੀ ਪੇਸ਼ ਕਰਦਾ ਹੈ। ਕਵਿਤਾ ਪਾਠ ਕਰਦਿਆਂ ਮਨੁੱਖ ਦੋ ਦਿਲਾਂ ਦੇ ਜੁੜ ਕੇ, ਬੇਵਸੀ ਦੇ ਆਲਮ ਵਿੱਚ ਪੁੱਜ ਕੇ, ਸਹਿਜ , ਉਸਾਰੂ ਸਮਾਜ ਸੁਧਾਰਕ ਫੈਸਲਾ ਲੈਣ ਤੱਕ ਹਰ ਦ੍ਰਿਸ਼ ਵਿਸ਼ੇਸ਼ ਕ੍ਰਮ ਅਨੁਸਾਰ ਦੇਖਦਾ ਹੈ। 'ਰਾਵੀ' ਵਿੱਚ ਮੁਟਿਆਰ ਦਾ ਬੇਕਾਬੂ ਦਿਲ ਹੱਥੋਂ ਨਿਕਲ ਹੀ ਜਾਂਦਾ ਹੈ ਪਰ ਪੱਕੀਆਂ ਸਮਾਜਿਕ / ਪਰੰਪਰਕ ਕਰੂਰ ਰੁਕਾਵਟੀ ਕੰਧਾਂ ਕਾਰਨ ਬਾਹਰੀ ਰੂਪ ਵਿੱਚ ਮੁਹੱਬਤੀ ਅਧਿਆਏ ਦਾ ਭਾਵੇਂ ਅੰਤ ਹੋ ਜਾਂਦਾ ਹੈ ਪਰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਮੁਹੱਬਤੀ ਸ਼ਬਦ ਧੁਨੀ ਗੂੰਜਦੀ ਹੀ ਰਹਿੰਦੀ ਹੈ।

ਮੁੱਕ ਜਾਵੇ ਭਾਵੇਂ

ਧਰਤ ਤੋਂ ਪਾਣੀ

ਪਰ ਨਹੀਂ ਮੁੱਕਣੀ

ਰਾਵੀ ਬਿਆਸ ਦੀ

ਤੜਪਦੀ ਪਿਆਸ ਦੀ

ਅਜਬ ਕਹਾਣੀ (ਰਾਵੀ, ਪੰਨਾ14)

ਵਰਨ/ ਜਾਤ/ ਧਰਮ ਆਦਿ ਦੀਆਂ ਬੇੜੀਆਂ ਨੇ ਸਮੁੱਚੇ ਮਨੁੱਖੀ ਵਿਕਾਸ ਦੇ ਪੈਰ ਜਕੜੇ ਹੋਏ ਹਨ। ਕਵੀ ਮੁਹੱਬਤੀ ਕਦਮਾਂ ਵਿੱਚ ਪਈਆਂ ਅਜਿਹੀਆਂ ਬੇੜੀਆਂ ਨੂੰ ਤੋੜਨਾ ਚਾਹੁੰਦਾ ਹੈ ਜੋ ਭਾਰਤੀ ਸਮਾਜ ਦੇ ਨਿਰੰਤਰ ਵਿਨਾਸ਼ ਦਾ ਮੂਲ ਕਾਰਨ ਰਹੀਆਂ ਹਨ। ' ਰਾਵੀ ' ਦੀਆਂ 'ਪੱਕੀਆਂ ਕੰਧਾਂ' ਤੋਂ ਬਾਅਦ 'ਤੇਰੇ ਬਿਨ' ਵਿੱਚ ਬੰਦਸ਼ਾਂ ਦੀਆਂ ਬੇੜੀਆਂ ਦਾ ਜ਼ਿਕਰ ਕਰਦਿਆਂ, ਹਮਖਿਆਲੀ ਪਾਤਰ ਨੂੰ ਪ੍ਰਸ਼ਨ ਕਰਦਿਆਂ ਬੇਵਸੀ ਦੇ ਆਲਮ ਤੋਂ ਮੁਕਤੀ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ।

ਆ ਤੂੰ ਪਰਤ ਆ

ਸੁਲਘਦੀ ਖਾਹਿਸ਼ ਕਿਉਂ ਨੂੜੀ ਹੈ?

ਇਹ ਖਾਹਿਸ਼ ਜਦੋਂ ਮਰ ਜਾਂਦੀ ਹੈ

ਜ਼ਿੰਦਗੀ ਹੜ੍ਹ ਜਾਂਦੀ ਹੈ । (ਤੇਰੇ ਬਿਨ, ਪੰਨਾ 21)

'ਗੱਲ ਕੋਈ ਕਰੀਏ', ਵੀ ਕੰਧਾਂ/ ਬੇੜੀਆਂ ਤੋੜ ਦੇਣ ਦਾ ਹੀ ਸੰਕੇਤ ਹੈ ।

'ਕੁਦਰਤ ' ਤੇ 'ਜੰਗ' ਇਸ ਕਾਵਿ ਸੰਗ੍ਰਹਿ ਦੇ ਹੋਰ ਮਹੱਤਵਪੂਰਨ ਵਿਸ਼ੇ ਹਨ। ਮਨੁੱਖ ਕੁਦਰਤ ਦੀ ਸਿਕਦਾਰ ਉਪਜ ਹੈ ਤੇ ਇਹ ਉਪਜ ਕੁਦਰਤ ਦੇ ਆਸਰੇ ਹੀ ਟਿੱਕੀ ਹੋਈ ਹੈ। ਇਸ ਦੀ ਅਹਿਮੀਅਤ ਨੂੰ ਪਛਾਣਦਾ ਹੋਇਆ ਕਵੀ ਇਸ ਦੇ ਬਚਾਅ ਪੱਖ ਵਿੱਚ ਗਵਾਹੀ ਦਿੰਦਾ ਹੈ। ਉਹ ਕੁਦਰਤ ਦੀ ਤਬਾਹੀ ਕਰਨ ਵਾਲੇ ਅਮੀਰਾਂ, ਵਜ਼ੀਰਾਂ ਤੇ ਉਂਗਲ ਧਰਦਾ ਹੋਇਆ, ਹਰ ਮਨੁੱਖ ਨੂੰ ਸੁਚੇਤ ਕਰਦਾ ਹੋਇਆ ਸੰਸਾਰੀ ਤਾਕਤਾਂ ਨੂੰ ਆਪਣਾ ਫੈਸਲਾ ਸੁਣਾਉਂਦਾ ਹੈ

ਇਹ ਕੁਦਰਤ ਤਾਂ ਹੈ ਸਦੀਵੀ

ਤੇ ਇਸ ਦੀ ਆਪਣੀ ਗੱਲ ਹੈ

ਜੋ ਇਸ ਦੀ ਬਰਬਾਦੀ ਕਰਦਾ

ਉਸ ਦੀ ਮੌਤ ਅਟੱਲ ਹੈ। ( ਕੁਦਰਤ, ਪੰਨਾ 82)

ਕੁਦਰਤ ਦੇ ਵਿਨਾਸ਼ ਵਿੱਚੋਂ ਹੋਈ ਤਰੱਕੀ ਤੇ ਅਜਿਹੀ ਤਰੱਕੀ ਕਰਨ ਵਾਲੇ 'ਤੇ ਮੁਨਾਸਿਬ ਇਤਰਾਜ਼ 'ਕਾਹਦੀ ਤਰੱਕੀ ਕਾਹਦਾ ਮਨੁੱਖ ' ਹੈ ਜੋ ਇਸ ਗ੍ਰਹਿ ਵਾਸੀਆਂ ਦੇ ਲੰਬੇ ਜੀਵਨ ਲਈ ਲੋੜੀਂਦਾ ਸਬਕ ਹੈ। ਮਨੁੱਖ ਅੰਦਰ ਛੁਪਿਆ ਲਾਲਚੀ ਕੁੱਤਾ ਆਪਣੇ ਲਾਭ ਹਿੱਤ ਕੁਦਰਤ ਦਾ ਕਤਲ ਕਰਵਾ ਕੇ ਮਨੁੱਖ ਨੂੰ ਆਤਮਹੱਤਿਆ ਦੇ ਰਾਹ ਤੋਰਦਾ ਹੈ।

ਜੰਗ ਦੌਰਾਨ ਜਾਨੀ ਤੇ ਮਾਲੀ ਨੁਕਸਾਨ ਦੀ ਦਰਦ ਕਥਾ ਪੇਸ਼ ਕਰਦਿਆਂ ਕਵੀ ਅੱਗ ਵਿੱਚ ਨਸ਼ਟ ਹੁੰਦੀ ਕੁਦਰਤ ਦਾ ਜ਼ਿਕਰ ਕਰਨਾ ਨਹੀਂ ਭੁੱਲਦਾ। ਹਾਕਮ ਰਾਖਿਆਂ ਨੂੰ ਬੀਰ ਰਸ ਭਰਪੂਰ ਵਾਕਾਂ ਦੁਆਰਾ ਉਤਸ਼ਾਹਿਤ ਕਰ ਕੇ ਉਨ੍ਹਾਂ ਨੂੰ ਰਣ ਵਿੱਚ ਧੱਕ ਕੇ ਆਪ ਸੁਰੱਖਿਅਤ ਮੌਜ ਮਾਣਦੇ ਹਨ। ਹਾਕਮ ਜੰਗ ਨੂੰ ਆਪਣੇ ਰਾਜਨੀਤਕ ਲਾਭ ਹਿੱਤ ਵਰਤਦਾ ਹੈ। ਕਵੀ ਪ੍ਰਸ਼ਨ ਉਠਾਉਂਦਾ ਹੈ ਕਿ ਅਵਾਮ ਪ੍ਰਸ਼ਨ ਬਣ ਕੇ ਹਾਕਮ ਅੱਗੇ ਖੜ੍ਹਦੀ ਕਿਉਂ ਨਹੀਂ? ਕਵੀ ਚਾਲਬਾਜ਼ ਹਾਕਮ ਨੂੰ ਕਟਿਹਰੇ ਵਿੱਚ ਖੜ੍ਹਾ ਕਰਨਾ ਚਾਹੁੰਦਾ ਹੈ।

ਜੰਗ 'ਚ ਅਵਾਮ ਕਿਉਂ ਮਰੇ

ਜੋ ਨਿੱਤ

ਭੁੱਖ, ਨੰਗ, ਗਰੀਬੀ ਨਾਲ਼ ਲੜੇ

ਤਖ਼ਤ ਕਿਉਂ ਨਾ ਜਰਬ ਜ਼ਰੇ

ਤੇ

ਕਟਿਹਰੇ 'ਚ ਕਿਉਂ ਨਾ ਖੜ੍ਹੇ। ( ਜੰਗ ਤੇ ਅਵਾਮ, ਪੰਨਾ 76)

'ਤਖ਼ਤ ਦੀਆਂ ਖੇਲਾਂ' ਨੂੰ ਬੇਚਾਰੀ ਅਵਾਮ ਕੀ ਜਾਣੇ? ਸਮਝਣੋ ਅਸਮਰਥ ਅਵਾਮ ਨੂੰ ਕੁੱਝ ਸਮਝ ਨਹੀਂ ਆਉਂਦਾ। ਵਰਤਮਾਨ ਦੇ ਧੁਖਦੇ ਪਲ ਵਿਨਾਸ਼ ਦਾ ਸਮਾਂ ਹੈ, ਜਿੱਥੇ ਮਰਨ ਮਾਰਨ ਤੋਂ ਬਿਨਾਂ ਜ਼ਿੰਦਗੀ ਨਾਲ ਸਬੰਧਤ ਕੁੱਝ ਵੀ ਨਹੀਂ ਕਿਉਂਕਿ ਇਹ ਸਭਿਅਤਾ ਹੁਣ ਅਸਭਿਅਕ ਹੋ ਚੁੱਕੀ ਹੈ। ਇਸੇ ਕਾਰਨ ਇਹ ਆਪਣਾ ਵਜੂਦ ਗਵਾ ਰਹੀ ਹੈ। ਹਾਕਮ ਚਲਾਕ ਅਤੇ ਅਵਾਮ ਗੂੰਗੀ ਹੋ ਚੁੱਕੀ ਹੈ।

ਵੱਡਾ ਦੁਖਾਂਤ ਇਹ ਕਿ ਖ਼ੁਦਗਰਜੀਆਂ ਦੀ ਇਸ ਆਧੁਨਿਕ ਬਹਾਰ ਵਿੱਚ ਅੱਜ ਦਾ ਯੁੱਗ ਲੋਕ ਨਾਇਕ ਤੋਂ ਵੰਚਿਤ ਹੈ।ਹਰ ਸ਼ਹਾਦਤ/ ਤਿਉਹਾਰ/ ਮੇਲਾ ਮਨਾਉਣਾ ਸਿਰਫ਼ ਰਸਮ ਪੂਰਤੀ ਪੱਧਰ ਤੱਕ ਹੀ ਆ ਜਾਣ ਕਾਰਨ ਖੁਦ ਨੂੰ ਭਸਮ ਕਰਨ ਦਾ ਅਧਾਰ ਬਣ ਗਿਆ ਹੈ। ਕਵੀ ਅਜਿਹੀ ਮਨੋਬਿਰਤੀ ਨੂੰ ਰੋਕ ਕੇ ਭਵਿੱਖ ਸੁਰੱਖਿਅਤ ਕਰਨ ਦੀ ਦਿਸ਼ਾ ਵਿੱਚ ਗਤੀਸ਼ੀਲ ਹੁੰਦਾ ਹੋਇਆ ਪ੍ਰੇਰਨਾ ਸਰੋਤ ਵਜੋਂ, ਇਤਿਹਾਸ ਵਿੱਚੋਂ ਗੁੰਮ ਕਰ ਦਿੱਤੇ ਗਏ ਲੋਕ-ਨਾਇਕ ਲੋਕ ਮਨ ਦੇ ਮੰਚ 'ਤੇ ਪੇਸ਼ ਕਰ ਕੇ ਵਿਨਾਸ਼ਕਾਰੀ ਜੀਵਨ ਪ੍ਰਵਾਹ ਨੂੰ ਟੋਕਣ/ ਰੋਕਣ ਲਈ ਮਹੌਲ ਉਸਾਰੀ ਕਰਦਾ ਹੈ।ਇਸ ਦ੍ਰਿਸ਼ਟੀ ਤੋਂ ਉਹ 'ਲੋਹੜੀ' ਨੂੰ ਗੀਤ ਗਾਉਣ,ਮੰਗਣ, ਖ਼ੁਸ਼ੀ ਮਨਾਉਣ, ਧੂਣਾ ਸੇਕਣ, ਤੜਕੇ ਉੱਠ ਕੇ ਖਿੱਚੜੀ/ਖੀਰ ਖਾਣ ਨਾਲ ਨਹੀਂ, ਧਰਤੀ ਦੇ ਸ਼ਿੰਗਾਰ ਨਾਲ ਜੋੜ ਕੇ,

ਲੋਕ-ਨਾਇਕ ਸੱਚੇ ਸੂਰਮੇ ਦੀ ਤਲਾਸ਼ ਕਰਦਾ,ਉਸ ਦੀ ਮਹਾਨਤਾ ਤੇ ਪਰਸੰਗਿਤਾ ਦਰਸਾਉਂਦਾ ਹੈ :-

ਇਸ ਧਰਤੀ ਦੀ ਹਿੱਕ ਨੂੰ

ਇੱਕ ਠੰਢਾ ਬੁੱਲਾ ਚਾਹੀਦੈ

ਅਣਸੁੱਤੀਆਂ ਉਡੀਕਦੀਆਂ ਅੱਖਾਂ ਨੂੰ

ਇੱਕ ਹੋਰ ਦੁੱਲਾ ਚਾਹੀਦੈ। (ਲੋਹੜੀ, ਪੰਨਾਂ 104)

ਕਵੀ ਦੁੱਲੇ ਦੇ ਜੀਵਨ, ਉਸ ਦੇ ਖੇਤਰ ਤੇ ਪਿਛੋਕੜ ਨਾਲ ਪਾਠਕ ਨੂੰ ਜੋੜ ਕੇ, ਲੋਹੜੀ ਸਲਾਮਤ ਰੱਖਦਿਆਂ ਉਸ ਨਾਲ ਜੁੜੇ ਕ੍ਰਾਂਤੀਕਾਰੀ ਪਲਾਂ ਦੀ ਦਾਸਤਾਨ ਨੂੰ ਹਕੀਕੀ ਰੂਪ ਦੇਣਾ ਚਾਹੁੰਦਾ ਹੈ ਤਾਂ ਕਿ ਅਵਾਮ ਨੂੰ ਹਾਕਮ ਦੇ ਦਸਤ-ਜਾਲ਼ ਵਿੱਚੋਂ ਛਡਾਇਆ ਜਾ ਸਕੇ। ਇਵੇਂ ਹੀ ਨਿਰੰਤਰ ਵਿਕਾਸ ਮੁਖੀ ਗਤੀਸ਼ੀਲਤਾ ਲਈ ਕਵੀ ਆਪਣੇ ਆਪ ਨੂੰ ਪੁਰਾਣੇ ਪੰਜਾਬ ਦੇ ਦਰਿਆ ' ਜੇਹਲਮ ' ਨਾਲ਼ ਇੱਕਸੁਰ ਕਰਦਾ ਹੈ। ਕਵੀ ਦੀ ਨਿਰੰਤਰ ਸੰਘਰਸ਼ੀਲ ਭੂਮਿਕਾ ਜੇਹਲਮ ਰਾਹੀਂ ਸਾਰੇ ਦਰਿਆਵਾਂ ਦਾ ਸੰਯੁਕਤ ਰੂਪ ਹੈ। ਸਥਾਪਤੀ ਤੋਂ ਨਾਬਰ ਮਨੁੱਖ ਦੀ ਨਾਬਰੀ ਦੀਆਂ ਜੜ੍ਹਾਂ ਦਰਿਆਵਾਂ ਦੇ ਸੁਤੰਤਰ ਵਹਿਣ - ਫਲਾਓ, ਲੋਕ-ਨਾਇਕ ਤੇ ਬਗ਼ਾਵਤ ਨੂੰ ਜਨਮ ਦੇਣ ਵਾਲੇ ਖੇਤਰ ਵਿੱਚਲੇ ਅਣਖੀ ਜਲ ਤੇ ਹਰਿਆਵਲ ਦਾ ਸਦੀਵੀ ਰੂਪ ਧਾਰਦੀਆਂ ਹਨ। ਸਿੰਧ ਦਰਿਆ ਵਿੱਚ ਪੈਣ ਲੱਗੇ ਜੇਹਲਮ ਅਤੇ ਉਸ ਵਿੱਚ ਸਮਾਏ ਹੋਰ ਦਰਿਆਵਾਂ ਨੇ

ਮੇਰਾ ਨਾਂ ਹੀ

ਜੇਹਲਮ ਰੱਖ ਕੇ

ਰੰਗ ਚੜ੍ਹਾ ਗਏ

ਮੇਰੇ ਤੇ ਗੂੜ੍ਹਾ

ਜਿਸ 'ਚੋਂ ਜੰਮੇ

ਅਨੇਕਾਂ ਖ਼ਾਬ

ਕਰੀ ਬਗ਼ਾਵਤ

ਨਾ ਝੱਲੀ ਦਾਬ। ( ਜੇਹਲਮ, ਪੰਨਾ 27)

ਕਵੀ ਦਾ ਨਾਮ' ਜੇਹਲਮ ' ਰੱਖ ਕੇ ਉਸ ਨੂੰ ਵਿਰਸੇ ਮੁਤਾਬਿਕ ਬਾਗ਼ੀ/ ਨਾਬਰ ਬਣਾ ਦਿੱਤਾ।

'ਵਿਰੋਧ ਦੀ ਭਾਸ਼ਾ' ਅਤੇ 'ਅਧਿਆਪਕ ' ਦਾ ਆਪਣੇ ਉਸਾਰੂ ਪੱਧਰ ਤੋਂ ਤਿਲਕ ਕੇ ਹੇਠਾਂ ਡਿਗ ਪੈਣਾ, ਇਸ ਕਾਵਿ ਸੰਗ੍ਰਹਿ ਦੇ ਦੋ ਹੋਰ ਧਿਆਨ ਦੇਣਯੋਗ ਪੱਖ ਹਨ, ਜੋ ਅੱਜ ਦੀ ਸਥਾਪਤੀ ਦੇ ਹੱਕ ਵਿੱਚ ਹੀ ਭੁਗਤਦੇ ਹਨ। ਵਿਰੋਧ ਦੀ ਭਾਸ਼ਾ ਦੇ ਸੁਆਮੀ ਸਮਝੌਤਾਵਾਦੀ ਹੋ ਕੇ ਸਤ੍ਹਾ ਦੀ ਮਲਾਈ ਦੇ ਹੱਕਦਾਰ ਬਣਦੇ ਹਨ। ਅਧਿਆਪਕ

ਗਿਆਨ ਤੇ ਧਿਆਨ

ਜਰਖੇਜ਼ ਤੇ ਬੀਆਬਾਨ

ਵਿਚਲੇ ਪਾੜੇ

ਵਿਕਾਸ ਤੇ ਉਜਾੜੇ

'ਤੇ ਨਹੀਂ ਬੋਲਦੇ

( ਹੁਣ ਮਾਸਟਰ ਜੀ ਨਹੀਂ ਬੋਲਦੇ, ਪੰਨਾ 107)

ਕਵੀ, ਜ਼ਿੰਦਗੀ ਦੀ ਬਾਤ ਪਾਉਣ ਅਤੇ ਇਸ ਦੇ ਅਰਥ ਸਮਝਾਉਣ ਵਾਲੇ ਹੁਣ ਗੁੰਮ ਹੋ ਗਏ ਅਧਿਆਪਕ ਦੀ ਭਾਲ਼ ਵਿੱਚ ਹੈ ਤਾਂ ਕਿ ਮਨੁੱਖ ਦੀ ਉਚਿਤ ਘਾੜਤ ਘੜ ਕੇ ਜੀਵਨ ਰਥ ਦੀ ਦਸ਼ਾ ਅਤੇ ਦਿਸ਼ਾ ਨੂੰ ਸੁਧਾਰਿਆ ਜਾ ਸਕੇ। 'ਮਾਸਟਰ ਜੀ' ਕੇਵਲ ਸਕੂਲ ਅਧਿਆਪਕ ਹੀ ਨਹੀਂ, ਮਾਸਟਰ ਜੀ ਰਾਹੀਂ ਤਾਂ ਸਮੁੱਚੀ ਖੋਖਲੀ ਸਿੱਖਿਆ ਪ੍ਰਣਾਲੀ 'ਤੇ ਨਿਸ਼ਾਨਾ ਸਾਧਿਆ ਗਿਆ ਹੈ।

ਇਸ ਕਾਵਿ ਸੰਗ੍ਰਹਿ ਵਿੱਚ ਅਨੇਕਾਂ ਹੋਰ ਵਿਸ਼ੇ- ਮਾਂ ਬੋਲੀ, ਨਵ ਉਸਾਰੀ ਕਾਰਨ ਲੁਪਤ ਹੋ ਰਹੀ ਸਹਿਜ ਜੀਵਨ ਚਾਲ, ਰਿਸ਼ਤਿਆਂ ਦੀ ਟੁੱਟ ਭੱਜ, ਜੰਗਲ਼ ਮਿੱਟੀ ਪਾਣੀ ਦਾ ਪ੍ਰਦੂਸ਼ਣ, ਨਿੰਦਿਆ ਚੁਗਲੀ ਦਾ ਜ਼ੋਰ, ਬੇਇਤਫਾਕੀ ਅਤੇ ਅਵਿਸ਼ਵਾਸੀ ਦਾ ਦੁਖਾਂਤ, ਆਪਣਿਆਂ ਵੱਲੋਂ ਅਮਿੱਟ ਪੀੜਾਂ, ਹਾਰ ਕੇ ਵੀ ਨਾ ਹਾਰਨਾ, ਸਦਮੇ ਤੋਂ ਡਰ ਕੀ, ਅੱਧਿਆਂ ਦੀ ਜ਼ਿੰਦਗੀ, ਰੁੱਤਬੇ ਖਿਤਾਬ ਤੇ ਜ਼ਮੀਰਾਂ, ਰੁੱਖਾਂ ਦੀ ਕਦਰ, ਪਛਾਣ ਦੀ ਚਿੱਟੀ ਚਾਦਰ, ਮਾਨ ਸਨਮਾਨ ਦੀਆਂ ਗੱਲਾਂ, ਅਜੇ ਖੇਤ ਵੱਤ ਨਹੀਂ,ਅੰਨ੍ਹਾ ਬੋਲ਼ੀ ਨੂੰ ਧੂਹੇ, ਵੰਡੀਆਂ ਤੋਂ ਬਚੋ, ਧਰਮਰਾਜ ਦੀ ਕੁਰਸੀ 'ਤੇ ਠਗ, ਕਲਮ ਦੀ ਸਲਾਬ੍ਹੀ ਰੂਹ, ਇਕੱਲੇ ਰਹਿ ਜਾਣ ਦਾ ਸੱਚ- ਅਜੋਕੇ ਮਨੁੱਖੀ ਕਦਮਾਂ ਨੂੰ ਸਹੀ ਦਿਸ਼ਾ ਦੇਣ ਦੇ ਆਹਰ ਵਿੱਚ ਹਨ।

ਵਿਸ਼ਾ ਪੱਖ ਦੀ ਚੋਣ, ਉਸ ਨੂੰ ਨਿਭਾਉਣ, ਸੁਭਾਵਿਕ ਬਿਆਨ ਰਵਾਨੀ, ਸ਼ਬਦ-ਚੋਣ, ਬਣਤਰ- ਬੁਣਤਰ ਦੀ ਪੁਖਤਗੀ ਮੇਹਰ ਮਾਣਕ ਨੂੰ ਸ਼ਕਤੀਸ਼ਾਲੀ ਕਾਵਿ ਜੁਗਤ ਵਾਲ਼ਾ ਕਵੀ ਸਿੱਧ ਕਰਦੀ ਹੈ। ਲੰਬੀਆਂ ਕਵਿਤਾਵਾਂ ਕਿਤੇ ਵੀ ਝੋਲ ਨਹੀਂ ਮਾਰਦੀਆਂ, ਨਾ ਹੀ ਕਿਤੇ

ਬੇਲੋੜਾ ਵਿਸਥਾਰ ਹੈ। ਪਤਾ ਨਹੀਂ ਲੱਗਦਾ ਕਵਿਤਾ ਕਿਹੜੇ ਵੇਲੇ ਪਾਠਕ ਦੀ ਉਂਗਲ ਫੜ ਕੇ ਉਸ ਨੂੰ ਆਪਣੇ ਨਾਲ ਤੋਰ ਲੈਂਦੀ ਹੈ। ਸਾਰੀਆਂ ਕਵਿਤਾਵਾਂ ਵਿੱਚ ਕਾਫ਼ੀਆ ਮਿਲਾਉਣ ਦੀ ਚੁਸਤ-ਜੁਗਤ ਮਾਣਕ ਕੋਲ਼ ਹੀ ਹੈ। ਕਾਫ਼ੀਆ ਮਿਲਾਉਣ ਦੀ ਤੇਜ ਚਾਲ ਵੀ ਕਵਿਤਾ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਦੀ ਹੈ ਜਿਵੇਂ:-

ਦੰਦੀਂ ਦੰਦਾਸਾ

ਖੁੱਲ੍ਹ ਕੇ ਹਾਸਾ

ਹੱਸ ਕੀ ਬੈਠੀ

ਮੈਂ ਮਰ ਜਾਣੀ

ਇਸ ਦੀ ਵੀ

ਅਜਬ ਕਹਾਣੀ

***

ਆ ਕੇ ਉਹਨੇ

ਚਾਹ ਕੇ ਉਹਨੇ ( ਰਾਵੀ, ਪੰਨਾ 11)

ਇਸ ਤੋਂ ਇਲਾਵਾ,ਇੱਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਗ਼ਜ਼ਲ ਸਿਰਜਣ ਪ੍ਰਕਿਰਿਆ ਦੀ ਡੂੰਘੀ ਸੂਝ ਬੂਝ ਵਾਲ਼ਾ ਪਾਠਕ

ਕਿਤੇ ਕੋਈ ਤਕਨੀਕੀ ਊਣ ਪਕੜ ਵੀ ਸਕਦਾ।

ਅੰਤ ਵਿੱਚ ਕਵੀ ਦੇ ਗਿਲੇ ਬਾਰੇ ਗੱਲ ਕਰਨੀ ਬਣਦੀ ਹੈ। ਉਸ ਨੂੰ ਗਿਲਾ ਹੈ ਕਿ 'ਜਿੰਨ੍ਹਾਂ ਲਈ ਮੈਂ ਬੋਲਿਆ' ਕਿ ਮਨਾਂ ਉੱਤੇ ਉਸ ਦੇ ਸ਼ਬਦਾਂ ਦਾ ਅਸਰ ਏਨਾ ਕੁ ਹੈ ਜਿੰਨਾ ਪੱਥਰ ਉੱਤੇ ਪਾਏ ਪਾਣੀ ਦਾ।ਇਹ ਅਸਫਲ ਅਵਸਥਾ ਕੁੱਝ ਕਹਿਣ, ਕੁੱਝ ਕਰਨ ਵਾਲ਼ੇ ਦੀ ਗਤੀਸ਼ੀਲਤਾ ਨੂੰ ਪ੍ਰੇਸ਼ਾਨ ਕਰਦੀ ਹੈ।ਧਰਮ, ਹੰਕਾਰ, ਹੈਵਾਨੀਅਤ ਨੇ ਮਨੁੱਖੀ ਮਨ ਵਿੱਚੋਂ ਉਸਾਰੂ ਚੇਤਨਾ ਮਾਰ ਹੀ ਦਿੱਤੀ ਹੈ ਅਤੇ ਉਹ ਖੁਸ਼ਹਾਲ ਤਬਦੀਲੀ ਲਈ ਨਹੀਂ, ਉੱਲੂਆਂ ਦੇ ਸਿਰ ਤੇ ਤਾਜ ਰੱਖਣ ਲਈ, ਮਰਨ ਮਿਟਣ ਲਈ ਬਿਹਬਲ ਹੈ।

ਬੇਸਮਝ/ ਅਚੇਤ/ਅੰਧ ਭਗਤ/ ਸਵਾਰਥੀ ਮਨੁੱਖ ਖੋਟੇ ਪ੍ਰਤੀਨਿਧ ਚੁਣ ਕੇ ਪੰਚਾਇਤ/ ਵਿਧਾਨ ਸਭਾ/ ਸੰਸਦ ਵਿੱਚ ਭੇਜਦਾ ਹੈ ਤੇ ਉਹ ਉਸ ਦੇ ਨੱਕ ਨਕੇਲ ਪਾ ਕੇ ਆਪਣੀ ਜੈ- ਜੈਕਾਰ ਤੀਕ ਸੀਮਤ ਰੱਖ ਕੇ ਆਪਣਾ ਉੱਲੂ ਸਿੱਧਾ ਕਰਦੇ ਹਨ। ਅਜਿਹੀ ਢੀਠ ਹੋ ਚੁੱਕੀ ਅਵਾਮ ਤੋਂ ਕਵੀ ਨੂੰ ਕਿਸੇ ਤਬਦੀਲੀ ਦੀ ਕੋਈ ਆਸ ਨਹੀਂ ਹੈ। ਕਵੀ ਆਪਣੀ ਬਣਦੀ ਉਸਾਰੂ ਭੂਮਿਕਾ ਨਿਭਾਉਣ ਲਈ ਆਪਣੇ ਵਾਂਗ ਜਾਗਦੇ ਜੁਝਾਰੂਆਂ ਦੀ ਜਥੇਬੰਦੀ ਵਿੱਚ ਸ਼ਾਮਲ ਹੋ ਜਾਣਾ ਚਾਹੁੰਦਾ ਹੈ:-

ਕਿਉਂ ਨਾ ਹਨੇਰੀਆਂ ਰਾਤਾਂ ਵਿੱਚ

ਜਾਗਦੀਆਂ ਨਜ਼ਰਾਂ ਸੰਗ

ਜਾ ਖੜਾਂ

ਤੇ ਉਨ੍ਹਾਂ ਦਾ ਹੱਥ ਫੜਾਂ। ( ਪੰਨਾ24)

ਵਰਤਮਾਨ ਦੌਰ ਵਿੱਚ ਅਜਿਹੀ ਏਕਤਾ ਹੀ ਲੋੜੀਂਦੀ ਹੈ। ਕਿਸੇ ਵੀ ਉਸਾਰੂ ਮੁਹਿੰਮ ਦਾ ਮੁੱਢ ਰੱਖਣ ਲਈ ਇਕੱਲੇ ਹੀ ਚੱਲਣਾ ਪੈਂਦਾ ਹੈ, ਕਾਫ਼ਲਾ ਬਾਅਦ ਵਿੱਚ ਬਣਦਾ ਹੈ। ਤੀਜੀ ਅੱਖ ਖੁੱਲ੍ਹੀ ਵਾਲ਼ੇ ਹਿਤੈਸ਼ੀ ਮਨੁੱਖ ਵਾਂਗ ਕਵੀ ਇਕੱਲਾ ਚੱਲਣ ਦੀ ਸਮਰੱਥਾ ਵੀ ਰੱਖਦਾ ਹੈ। ਕਵੀ ਦੀ ਦ੍ਰਿਸ਼ਟੀ ਵਿੱਚ ਇਹੋ ਚਾਲ ਹੀ ਬਿਹਤਰ ਹੈ:-

ਕਿਉਂ ਕਿਸੇ ਦੀ ਉਡੀਕ ਕਰਾਂ ਮੈਂ

ਕਿਉਂ ਨਾਂ ਅੱਗੇ ਕਦਮ ਧਰਾਂ ਮੈਂ

ਏਕਤਾ 'ਤੇ ਧਿਆਨ ਕੇਂਦਰਿਤ ਕਰਦਿਆਂ ਕਦਮ ਅੱਗੇ ਵਧਾਉਣ ਵਾਲੇ ਕਵੀ ਦੀ ਸਿਰਜਣਾ ਪ੍ਰੇਰਨਾ ਸ੍ਰੋਤ ਹੋਣ ਨਾਲ਼- ਨਾਲ਼ ਇੱਕ ਵਧੀਆ ਕਾਵਿ-ਸੰਗ੍ਰਹਿ ਵੀ ਹੈ।



ਪ੍ਰਿੰ: ਨਵਤੇਜ ਗੜ੍ਹਦੀਵਾਲਾ

# ਬਰੈਂਪਟਨ ਵਿਚ ਵਿਰਸੇ ਤੇ ਵਿਰਾਸਤ ਦਾ ਪਹਿਰੇਦਾਰ ਫੋਟੋ ਪ੍ਰਦਰਸ਼ਨੀ ਅਮਿੱਟ ਛਾਪ ਛੱਡ ਗਈ

ਸਰੀ, 16 ਜੂਨ (ਹਰਦਮ ਮਾਨ)-ਬੀਤੇ ਦਿਨੀਂ ਬਰੈਂਪਟਨ ਦੇ ਗੁਰਦੁਆਰਾ ਡਿਕਸੀ ਵਿਖੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੀ 300 ਸਾਲਾ ਜਨਮ ਸ਼ਤਾਬਦੀ ਦੇ ਸੰਬੰਧ ਵਿਚ



ਨੈਸ਼ਨਲ ਆਰਕਾਈਵਜ਼ ਕੈਨੇਡਾ ਵੱਲੋਂ ਵਿਸ਼ੇਸ਼ ਫੋਟੋ ਪ੍ਰਦਰਸ਼ਨੀ ਲਾਈ ਗਈ। ਫੋਟੋ ਪ੍ਰਦਰਸ਼ਨੀ ਦੇ ਉਦਘਾਟਨੀ ਸਮਾਗਮ ਵਿਚ ਨੌਜਵਾਨ ਮੈਂਬਰ ਪਾਰਲੀਮੈਂਟ ਇਕਵਿੰਦਰ ਸਿੰਘ ਗਹੀਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਬ੍ਰਿਟਿਸ਼ ਕੋਲੰਬੀਆ ਤੋਂ ਉੱਘੇ ਵਿਦਵਾਨ ਅਤੇ ਚਿੰਤਕ ਜੈਤੇਗ ਸਿੰਘ ਅਨੰਤ ਨੇ ਮੁੱਖ ਬੁਲਾਰੇ ਵਜੋਂ ਸ਼ਮੂਲੀਅਤ ਕੀਤੀ।

ਸਮਾਗਮ ਦੇ ਆਗਾਜ਼ ਵਿਚ ਨੈਸ਼ਨਲ ਸਿੱਖ ਆਰਕਾਈਵਜ਼ ਦੇ ਕਿਉਰੇਟਰ ਅਜੀਤ ਸਿੰਘ ਸਹੋਤਾ ਨੇ ਸਭਨਾਂ ਦਾ ਸਵਾਗਤ ਕੀਤਾ। ਉਨ੍ਹਾਂ ਦੱਸਿਆ ਕਿ ਸਿੱਖ ਨੈਸ਼ਨਲ ਆਰਕਾਈਵਜ਼ ਕੈਨੇਡਾ ਦਾ ਮੁੱਖ ਕਾਰਜ ਆਪਣੇ ਅਮੀਰ ਵਿਰਸੇ ਅਤੇ ਵਿਰਾਸਤ ਦੀ ਸਾਂਭ ਸੰਭਾਲ ਕਰਨਾ ਹੈ ਅਤੇ ਸਾਨੂੰ ਉਮੀਦ ਹੈ ਕਿ ਇਹ ਫੋਟੋ ਪ੍ਰਦਰਸ਼ਨੀ ਕੌਮ ਵਿਚ ਨਵੀਂ ਊਰਜਾ ਪੈਦਾ ਕਰੇਗੀ। ਮੁੱਖ ਬੁਲਾਰੇ ਜੈਤੇਗ ਸਿੰਘ ਅਨੰਤ ਨੇ ਸਿੱਖ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ 'ਤੇ ਸਿੱਖ ਕੌਮ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਉਹ ਸਿੱਖ ਕੌਮ ਦੇ ਅਜਿਹੇ ਬੇਸ਼ਕੀਮਤੀ ਹੀਰੇ ਹੋਏ ਹਨ ਜਿਨ੍ਹਾਂ ਵੱਲੋਂ ਸਿੱਖਾਂ ਦੀ ਆਨ ਤੇ ਸ਼ਾਨ ਲਈ ਕੀਤੇ ਕਾਰਜਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਫੋਟੋ ਪ੍ਰਦਰਸ਼ਨੀ ਵਿਚ







ਰਾਮਗੜ੍ਹੀਆ ਭਾਈਚਾਰੇ ਦੀਆਂ ਉਨ੍ਹਾਂ ਹਸਤੀਆਂ ਨੂੰ ਫੋਟੋਆਂ ਦੇ ਰੂਪ ਵਿਚ ਪ੍ਰਦਰਸ਼ਿਤ ਕੀਤਾ ਗਿਆ ਜਿਨ੍ਹਾਂ ਨੇ ਵੱਖ ਵੱਖ ਖੇਤਰਾਂ ਵਿਚ ਸਿਖਰਾਂ ਨੂੰ ਛੋਹਿਆ ਹੈ ਅਤੇ ਦੇਸ਼-ਕੌਮ ਦਾ ਨਾਮ ਉੱਚਾ ਕੀਤਾ ਹੈ। ਉਨ੍ਹਾਂ ਇਸ ਫੋਟੋ ਪ੍ਰਦਰਸ਼ਨੀ ਦੀ ਸਫਲਤਾ ਲਈ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਪਾਏ ਯੋਗਦਾਨ ਅਤੇ ਅਗਵਾਈ ਦਾ ਜ਼ਿਕਰ ਵੀ ਕੀਤਾ।

ਮੈਂਬਰ ਪਾਰਲੀਮੈਂਟ ਇਕਵਿੰਦਰ ਸਿੰਘ ਗਹੀਰ ਨੇ ਕਿਹਾ ਕਿ ਅਜਿਹੀ ਪ੍ਰਦਰਸ਼ਨੀ ਕੈਨੇਡਾ ਵਿਚ ਪਹਿਲੀ ਵਾਰ ਲੱਗੀ ਹੈ ਅਤੇ ਇਹ ਸਾਡੇ ਲਈ ਇਕ ਚਾਨਣ ਮੁਨਾਰੇ ਦਾ ਕਾਰਜ ਕਰੇਗੀ। ਉਨ੍ਹਾਂ ਕਿਹਾ ਕਿ ਆਪਣੀ ਵਿਰਾਸਤ ਨੂੰ ਜਿਉਂਦਾ ਰੱਖਣ ਲਈ ਅਜਿਹੇ ਕਾਰਜਾਂ ਦੀ ਬੇਹੱਦ ਜ਼ਰੂਰਤ ਹੈ।

ਇਸ ਮੌਕੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਮਾਸਿਕ ਰਸਾਲੇ 'ਗੁਰਮਤਿ ਪ੍ਰਕਾਸ਼' ਦਾ 'ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਿਸ਼ੇਸ਼ ਅੰਕ' ਰਿਲੀਜ਼ ਕੀਤਾ ਗਿਆ। ਜੈਤੇਗ ਸਿੰਘ ਅਨੰਤ ਨੇ ਆਪਣੀ ਸਚਿੱਤਰ ਕੌਫੀ ਟੇਬਲ ਪੁਸਤਕ 'ਰਾਮਗੜ੍ਹੀਆ ਵਿਰਾਸਤ' ਇਕਵਿੰਦਰ ਸਿੰਘ ਗਹੀਰ ਨੂੰ ਭੇਟ ਕੀਤੀ। ਨੈਸ਼ਨਲ ਸਿੱਖ ਆਰਕਾਈਵਜ਼ ਕੈਨੇਡਾ ਵੱਲੋਂ ਜੈਤੇਗ ਸਿੰਘ ਦਾ ਸਨਮਾਨ ਕਰਨ ਦੀ ਰਸਮ ਮੈਂਬਰ ਪਾਰਲੀਮੈਂਟ ਇਕਵਿੰਦਰ ਸਿੰਘ ਗਹੀਰ ਨੇ ਅਦਾ ਕੀਤੀ। ਫੋਟੋ ਪ੍ਰਦਰਸ਼ਨੀ ਦੀ ਪਿੱਠਭੂਮੀ (ਰਾਮਗੜ੍ਹ ਕਿਲੇ) ਨੂੰ ਸੰਸਥਾ ਦੇ ਵੈੱਬ ਡਿਜ਼ਾਇਨਰ ਸੰਦੀਪ ਸਿੰਘ ਨੇ ਬਾਖੂਬੀ ਸਾਕਾਰ ਕੀਤਾ। ਇਸ ਦੋ ਦਿਨਾਂ ਪ੍ਰਦਰਸ਼ਨੀ ਵਿਚ ਦਰਸ਼ਕਾਂ ਨੇ ਬੇਹੱਦ ਦਿਲਚਸਪੀ ਪ੍ਰਗਟ ਕੀਤੀ।



ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ

# ਪ੍ਰਸਿੱਧ ਕਵਿੱਤਰੀ ਸੁਰਜੀਤ ਕਲਸੀ ਦੀ ਸ਼ਾਹਮੁਖੀ 'ਚ ਛਪੀ ਪੁਸਤਕ ਲੋਕ ਅਰਪਿਤ

## ਗੀਤਾਂ ਦੇ ਬਾਦਸ਼ਾਹ ਬਾਬੂ ਸਿੰਘ ਮਾਨ (ਮਰਾੜ੍ਹਾਂ ਵਾਲੇ) ਦਾ ਸਨਮਾਨ

ਸਰੀ, 16 ਜੂਨ (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮਾਸਿਕ ਮੀਟਿੰਗ ਸੀਨੀਅਰ ਸਿਟੀਜ਼ਨ ਸੈਂਟਰ ਸਰੀ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਸੁਰਜੀਤ ਕਲਸੀ, ਰਾਏ ਅਜੀਜ਼-ਉੱਲਾ ਖਾਨ ਅਤੇ ਭਾਰਤ ਤੋਂ ਆਏ ਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ ਨੇ ਕੀਤੀ। ਇਸ ਮੀਟਿੰਗ ਵਿਚ ਪ੍ਰਸਿੱਧ ਕਵਿੱਤਰੀ ਸੁਰਜੀਤ ਕਲਸੀ ਦੀ ਸ਼ਾਹਮੁਖੀ ਵਿਚ ਨਵ-ਪ੍ਰਕਾਸ਼ਿਤ ਪੁਸਤਕ 'ਰੰਗ-ਰਸ-ਨਾਦ' ਰਿਲੀਜ਼ ਕੀਤੀ ਗਈ ਅਤੇ ਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ (ਮਰਾੜ੍ਹਾਂ ਵਾਲੇ) ਦਾ ਸਨਮਾਨ ਕੀਤਾ ਗਿਆ।







ਮੀਟਿੰਗ ਦੇ ਆਗਾਜ਼ ਵਿਚ ਪੰਜਾਬੀ ਸਾਹਿਤ ਦੀ ਨਾਮਵਰ ਸ਼ਖ਼ਸੀਅਤ ਪ੍ਰੋ. ਪਿਆਰਾ ਸਿੰਘ ਭੋਗਲ ਅਤੇ ਸਭਾ ਦੇ ਮੈਂਬਰ ਅਜੀਤ ਕੰਗ ਦੇ ਸਪੁੱਤਰ ਰਾਜ ਕੰਗ ਦੀ ਅਚਾਨਕ ਮੌਤ ਉੱਪਰ ਸਭਾ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਪਰੰਤ ਸੁਰਜੀਤ ਕਲਸੀ ਦੀ ਨਵ-ਪ੍ਰਕਾਸ਼ਿਤ ਪੁਸਤਕ ਰਸਮੀ ਤੌਰ ਤੇ ਰਿਲੀਜ਼ ਕੀਤੀ ਗਈ। ਇਸ ਪੁਸਤਕ ਬਾਰੇ ਫੌਜ਼ੀਆ ਰਫ਼ੀਕ, ਪ੍ਰਿਤਪਾਲ ਗਿੱਲ, ਕ੍ਰਿਸ਼ਨ ਬੈਕਟਰ, ਨਿਸ਼ਾਂਤ ਭੱਟ, ਰਾਏ ਅਜ਼ੀਜ਼ ਉੱਲਾ ਖਾਨ ਵੱਲੋਂ ਪਰਚੇ ਪੜ੍ਹੇ ਗਏ। ਸੁਰਜੀਤ ਕਲਸੀ, ਡਾ. ਪ੍ਰਿਥੀਪਾਲ ਸਿੰਘ ਸੋਹੀ, ਅਜਮੇਰ ਰੋਡੇ, ਬਲਦੇਵ ਸਿੰਘ ਬਾਠ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਗੀਤਕਾਰ ਬਾਬੂ

ਸਿੰਘ ਮਾਨ ਬਾਰੇ ਦਰਸ਼ਨ ਸੰਘਾ, ਹਰਿੰਦਰ ਕੌਰ ਸੋਹੀ, ਸੁਰਜੀਤ ਸਿੰਘ ਮਾਧੋਪੁਰੀ ਵੱਲੋਂ ਪਰਚੇ ਪੜ੍ਹੇ ਗਏ। ਬਾਬੂ ਸਿੰਘ ਮਾਨ ਨੇ ਆਪਣੇ ਗੀਤਕਾਰੀ ਸਫ਼ਰ ਬਾਰੇ ਵਿਚਾਰ ਸਾਂਝੇ ਕੀਤੇ।

ਕਾਵਿਕ ਦੌਰ ਵਿਚ ਮਨਜੀਤ ਮੱਲ੍ਹਾ, ਖੁਸ਼ਹਾਲ ਗਲੋਟੀ, ਨਰਿੰਦਰ ਬਾਹੀਆ, ਗੁਰਚਰਨ ਸਿੰਘ, ਜਿਲਾ ਸਿੰਘ, ਹਰਿੰਦਰ ਕੌਰ, ਅਮਨ ਸੀ ਸਿੰਘ, ਦਵਿੰਦਰ ਕੌਰ ਜੌਹਲ, ਗੁਰਦੇਵ ਸਿੰਘ ਕੰਦੋਲਾ, ਬਲਵੰਤ ਸਿੰਘ, ਗੁਰਮੀਤ ਸਿੰਘ ਕਾਲਕਟ, ਬਲਬੀਰ ਸਿੰਘ ਸੰਘਾ, ਐੱਨ. ਸ਼ਹਿਨਾਜ਼, ਮਲਕੀਤ ਸਿੰਘ, ਹਰਪਾਲ ਸਿੰਘ ਬਰਾੜ, ਨਛੱਤਰ ਸਿੰਘ ਦੰਦੀਵਾਲ, ਲਾਲ ਸਿੰਘ, ਗੁਰਜੰਟ ਸਿੰਘ ਬਰਨਾਲਾ, ਜਗਜੀਤ ਸਿੰਘ, ਕੇਸਰ ਸਿੰਘ ਕੂਨਰ, ਸੁਰਜੀਤ ਸਿੰਘ ਦਿਓ, ਗੁਰਮੀਤ ਸਿੰਘ ਸਿੱਧੂ, ਦਲੀਪ ਸਿੰਘ, ਅਵਤਾਰ ਸਿੰਘ ਸ਼ੇਰਗਿੱਲ, ਦਵਿੰਦਰ ਸਿੰਘ ਮਾਂਗਟ, ਅਮਰਜੀਤ ਕੌਰ ਮਾਂਗਟ, ਗੁਰਦਿਆਲ ਸਿੰਘ ਜੌਹਲ, ਕ੍ਰਿਸ਼ਨ ਬੈਕਟਰ, ਕਵਿੰਦਰ ਚਾਂਦ, ਹਰਚੰਦ ਬਾਗੜੀ, ਇੰਦਰਪਾਲ ਸਿੰਘ ਸੰਧੂ, ਚਰਨ ਵਿਰਦੀ, ਬਿੱਕਰ ਸਿੰਘ ਖੋਸਾ, ਹਰਸ਼ਰਨ ਕੌਰ, ਬਿੰਦੂ ਮਠਾੜੂ, ਇੰਦਰਜੀਤ ਸਿੰਘ ਧਾਮੀ, ਅਮਰੀਕ ਪਲਾਹੀ, ਪਰਮਿੰਦਰ ਕੌਰ ਬਾਗੜੀ ਸ਼ਾਮਲ ਹੋਏ।

ਸਭਾ ਵੱਲੋਂ ਸੁਰਜੀਤ ਕਲਸੀ ਨੂੰ ਫੁਲਕਾਰੀ ਅਤੇ ਸਨਮਾਨ ਚਿੰਨ ਭੇਂਟ ਕੀਤੇ ਗਏ ਅਤੇ ਬਾਬੂ ਸਿੰਘ ਮਾਨ ਨੂੰ ਫੁੱਲਾਂ ਦਾ ਗੁਲਦਸਤਾ ਅਤੇ ਲੋਈ ਨਾਲ ਸਨਮਾਨਿਤ ਕੀਤਾ ਗਿਆ। ਅੰਤ ਵਿਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਮੀਟਿੰਗ ਵਿਚ ਸ਼ਾਮਿਲ ਹੋਏ ਵਿਦਵਾਨਾਂ, ਕਵੀਆਂ, ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਾਖ਼ੂਬੀ ਕੀਤਾ।

ਹਰਦਮ ਮਾਨ






# ਅਜੋਕਾ ਇਨਸਾਨ ਕਿੱਧਰ ਨੂੰ ਤੁਰਿਆ ...

ਜ਼ਿੰਦਗੀ ਖ਼ੂਬਸੂਰਤ ਹੈ। ਜ਼ਿੰਦਗੀ ਦੇ ਹਰ ਪਲ ਪਲ ਦਾ ਲੁਫਤ ਉਠਾਉਣਾ ਚਾਹੀਦਾ ਹੈ। ਮਨੁੱਖੀ ਜੀਵਨ ਦੁਰਲਭ ਹੈ। ਸੁੱਖ ਦੁੱਖ ਜ਼ਿੰਦਗੀ ਦੇ ਪ੍ਰਛਾਵੇਂ ਹੁੰਦੇ ਹਨ। ਜਦੋਂ ਦੁੱਖ ਆਉਂਦਾ ਹੈ ਤਾਂ ਪਤਾ ਲੱਗ ਜਾਂਦਾ ਹੈ ਕਿ ਸਾਡੇ ਨੇੜੇ ਕੌਣ ਲੱਗਾ ਸੀ। ਕਿਸ ਨੇ ਸਾਡੀ ਮੁਸੀਬਤ ਵੇਲੇ ਮਦਦ ਕੀਤੀ ਸੀ। ਅੱਜ ਜ਼ਮਾਨਾ ਬਹੁਤ ਬਦਲ ਚੁੱਕਿਆ ਹੈ। ਜੇ ਜੇਬ ਵਿੱਚ ਤੁਹਾਡੀ ਚਾਰ ਪੈਸੇ ਹਨ ਤਾਂ ਹੀ ਕੋਈ ਤੁਹਾਡੇ ਨੇੜੇ ਖੜਦਾ ਹੈ। ਇਨਸਾਨ ਤੁਹਾਡੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ। ਮਤਲਬ ਰੱਖ ਕੇ ਹੀ ਕੋਈ ਇਨਸਾਨ ਦੋਸਤੀ ਕਰਦਾ ਹੈ। ਜਦੋਂ ਮਤਲਬ ਨਿਕਲ ਜਾਂਦਾ ਹੈ ਤਾਂ ਫਿਰ ਉਹ ਇਨਸਾਨ ਤੂੰ ਕੌਣ, ਮੈਂ ਕੌਣ ਹੋ ਜਾਂਦਾ ਹੈ। ਕੋਈ ਸਮਾਂ ਹੁੰਦਾ ਸੀ ਜਦੋਂ ਜੇ ਕਿਸੇ ਇਨਸਾਨ ਤੇ ਮੁਸੀਬਤ ਵੀ ਆ ਜਾਵੇ, ਤਾਂ ਸਾਰਾ ਪਿੰਡ ਉਸ ਦੀ ਮੁਸੀਬਤ ਵਿੱਚ ਮਦਦ ਕਰਦਾ ਸੀ। ਹਾਲਾਂਕਿ ਪੈਸੇ ਨਾਲ ਵੀ ਮਦਦ ਕਰ ਦਿੱਤੀ ਜਾਂਦੀ ਸੀ। ਮਿਹਣੇ ਵੀ ਨਹੀਂ ਮਾਰੇ ਜਾਂਦੇ ਸਨ।ਅੱਜ ਪੈਸੇ ਦੀ ਹੋੜ੍ਹ ਜ਼ਿਆਦਾ ਲੱਗੀ ਹੋਈ ਹੈ। ਇਨਸਾਨ ਧਰਤੀ ਤੇ ਜੋ ਕੰਮ ਕਰਨ ਲਈ ਆਇਆ ਸੀ, ਉਹ ਭੁੱਲ ਚੁੱਕਾ ਹੈ। ਦੇਖੋ ਪੈਸਾ ਗੁਜਰਾਨ ਲਈ ਹੈ। ਪੈਸਾ ਹੋਣਾ ਵੀ ਚਾਹੀਦਾ ਹੈ। ਜੇ ਚਾਰ ਪੈਸੇ ਜੇਬ ਵਿੱਚ ਨਹੀਂ ਹੁੰਦੇ ਤਾਂ ਨੇੜੇ ਕੋਈ ਨਹੀਂ ਲੱਗਦਾ। ਪਰ ਅੱਜ ਦਾ ਇਨਸਾਨ ਜ਼ਿੰਦਗੀ ਦਾ ਅਸਲੀ ਮਹੱਤਵ ਭੁੱਲ ਚੁੱਕਾ ਹੈ। ਛੱਲ- ਕਪਟ ,ਝੂਠ, ਪੈਸੇ ਦੇ ਬਲਬੂਤੇ ਤੇ ਸ਼ੋਹਰਤ, ਅਹੁਦਾ ਹਾਸਲ ਕੀਤਾ ਤਾਂ ਜਾ ਸਕਦਾ ਹੈ, ਪਰ ਕਦੇ ਨਾ ਕਦੇ ਤਾਂ ਤੁਹਾਡਾ ਅੰਦਰਾ ਜ਼ਮੀਰ ਕੁੱਝ ਨਾ ਕੁੱਝ ਤਾਂ ਕਹੇਗਾ। ਤੁਹਾਨੂੰ ਲਾਹਨਤਾਂ ਪਾਵੇਗਾ। ਝੂਠ, ਫਰੇਬ ਨਾਲ ਮਾਇਆ ਇੱਕਠੀ ਕੀਤੀ ਜਾ ਰਹੀ ਹੈ। ਹੱਕ ਮਾਰਿਆ ਜਾ ਰਿਹਾ ਹੈ। ਮਿਹਨਤ ਕੋਈ ਕਰਨਾ ਨਹੀਂ ਚਾਹੁੰਦਾ। ਦੇਖਿਆ ਜਾਵੇ ਤਾਂ ਸੰਸਾਰ ਵਿੱਚ ਭਗਤੀ ਤਾਂ ਬਹੁਤ ਹੋ ਰਹੀ ਹੈ। ਵੱਖ-ਵੱਖ ਟੀ ਵੀ ਚੈਨਲਾਂ ਤੇ ਗੁਰੂਆਂ ਰਾਹੀਂ ਵਿਚਾਰ ਪੇਸ਼ ਕੀਤੇ ਜਾਂਦੇ ਹਨ। ਕਿੰਨੇ ਵੱਡੇ ਵੱਡੇ ਮਹਾਂ-ਪੁਰਖ ਲੋਕਾਂ ਨੂੰ ਜੀਵਨ ਦਾ ਉਪਦੇਸ਼ ਦਿੰਦੇ ਹਨ। ਵੱਡੇ ਵੱਡੇ ਸਮਾਗਮ ਰਚਾਏ ਜਾ ਰਹੇ ਹਨ। ਕਿੰਨੀ ਭੀੜ ਹੁੰਦੀ ਹੈ ,ਤੁਸੀਂ ਆਪ ਹੀ ਦੇਖਦੇ ਹੋ। ਫਿਰ ਵੀ ਇਨਸਾਨ ਤੇ ਅਸਰ ਨਹੀਂ ਹੁੰਦਾ। ਰਿਸ਼ਤਿਆਂ ਦਾ ਘਾਣ ਹੋ ਚੁੱਕਿਆ ਹੈ। ਨਿਮਰਤਾ, ਪ੍ਰੀਤ, ਪਿਆਰ ਤੇ ਸਤਿਕਾਰ ਇਨਸਾਨ ਦੇ ਗਹਿਣੇ ਹਨ। ਅਸੀਂ ਇਸ ਧਰਤੀ ਤੇ ਕੋਈ ਪੱਕੀ ਰਜਿਸਟਰੀ ਨਹੀਂ ਕਰਵਾ ਕੇ ਲੈ ਕੇ ਆਏ ਕਿ ਅਸੀਂ ਇਸ ਸੰਸਾਰ ਤੋਂ ਕਦੇ ਵੀ ਰੁਖ਼ਸਤ ਨਹੀਂ ਹੋਣਾ ਹੈ। ਖਾਲੀ ਹੱਥ ਜਾਣਾ ਹੈ ,ਜੇ ਜਾਇਗਾ ਤਾਂ ਨਾਲ ਚੰਗੇ ਕਰਮਾਂ ਦੀ ਕਮਾਈ ਜਾਏਗੀ।




ਖੇਤਾਂ ਵਿਚ ਵੱਟਾਂ ਪਿਛੋਂ ਰੌਲਾ ਪੈ ਜਾਣ ਕਾਰਨ ਇਕ ਦੂਜੇ ਦਾ ਕਤਲ ਕਰਨ ਦੀਆਂ ਖ਼ਬਰਾਂ ਅਸੀਂ ਆਮ ਸੁਣਦੇ ਹਾਂ। ਬੁਜ਼ੁਰਗਾਂ ਦੀ ਬਹੁਤ ਬੇਕਦਰੀ ਹੋ ਰਹੀ ਹੈ। ਘਰ ਵਿਚ ਰਹਿਣ ਲਈ ਉਨ੍ਹਾਂ ਨੂੰ ਥਾਂ ਤੱਕ ਨਹੀਂ ਹੈ । ਆਪਣੇ ਸੁਆਦ ਖ਼ਾਤਰ ਮਨੁੱਖ ਜੀਵ ਜੰਤੂਆਂ ਨੂੰ ਮਾਰ ਕੇ ਖਾ ਰਿਹਾ ਹੈ। ਨਸ਼ਿਆਂ ਦਾ ਸੇਵਨ ਕਰ ਰਿਹਾ ਹੈ। ਪਹਾੜੀ ਖੇਤਰਾਂ ਵਿੱਚ ਲੰਮੀ ਲੰਮੀ ਇਮਾਰਤਾਂ ਉਸਾਰ ਦਿੱਤੀਆਂ ਗਈਆਂ ਹਨ। ਹਾਲਾਂਕਿ ਪਹਾੜੀ ਖੇਤਰਾਂ ਵਿੱਚ ਜੋ ਤਬਾਹੀ ਹੁੰਦੀ ਹੈ, ਦਿਲ ਕੰਬਾਉਣ ਵਾਲੀ ਹੁੰਦੀ ਹੈ। ਫਿਰ ਕੁਦਰਤ ਜੋ ਕਰਦੀ ਹੈ ਉਹ ਇਨਸਾਨ ਤੋਂ ਸਹਿਣ ਵੀ ਨਹੀਂ ਹੁੰਦਾ ਹੈ।ਅੱਜ ਦਾ ਇਨਸਾਨ ਪ੍ਰਭੂ ਪਿਤਾ ਪਰਮਾਤਮਾ ਦੀ ਬਿਲਕੁਲ ਵੀ ਬੰਦਗੀ ਨਹੀਂ ਕਰ ਰਿਹਾ ਹੈ।ਅੱਜ ਕੱਲ ਦੀ ਜ਼ਿੰਦਗੀ ਤਾਂ ਵੈਸੇ ਹੀ ਬਹੁਤ ਛੋਟੀ ਹੈ। ਜੋ ਚੰਗਾ ਇਨਸਾਨ ਹੁੰਦਾ ਹੈ ਉਸਦਾ ਕਿਰਦਾਰ ਆਪ ਝਲਕਦਾ ਹੈ ।ਚਾਰ ਬੰਦੇ ਉਸ ਦੀ ਸਿਫ਼ਤ ਕਰਦੇ ਹਨ ਕਿ ਇਹ ਬੰਦਾ ਬਹੁਤ ਜ਼ਿਆਦਾ ਹਲੀਮੀ, ਪਰੋਪਕਾਰੀ ਹੈ। ਲੋੜਵੰਦਾਂ ਦੀ ਮਦਦ ਕਰਦਾ ਹੈ, ਸਹਿਣ-ਸ਼ੀਲ ਹੈ। ਪਿਆਰ ਨਾਲ ਗੱਲ ਕਰਦਾ ਹੈ। ਸੋ ਅੱਜ ਦੇ ਇਨਸਾਨ ਨੂੰ ਸਹਿਜ ਰਹਿ ਕੇ ਹੀ ਜ਼ਿੰਦਗੀ ਬਸਰ ਕਰਨੀ ਚਾਹੀਦੀ ਹੈ ।

**ਸੰਜੀਵ ਸਿੰਘ ਸੈਣੀ**

# ਯਾਦਾਂ ਵਿੱਚ ਪਿਤਾ - ਪ੍ਰੋ. ਨਵ ਸੰਗੀਤ ਸਿੰਘ

ਪਿਤਾ ਜੀ (1921-2013) ਨੂੰ ਗਿਆਂ ਦਸ ਵਰ੍ਹੇ ਹੋ ਚੁੱਕੇ ਹਨ, ਪਰ ਉਨ੍ਹਾਂ ਦੀ ਛਾਪ ਮੇਰੇ ਮਨ-ਮਸਤਕ ਵਿੱਚ ਅਜੇ ਵੀ ਸੱਜਰੀ ਹੈ। ਉਨ੍ਹਾਂ ਨੇ ਇੱਕ ਸਾਧਾਰਨ ਕਿਰਤੀ ਪਰਿਵਾਰ 'ਚੋਂ ਉੱਠ ਕੇ ਸਕੂਲ-ਮਾਸਟਰੀ ਕਰਦਿਆਂ ਨੌਂ ਜੀਆਂ ਦੇ ਵੱਡੇ ਪਰਿਵਾਰ ਨੂੰ ਬੜੀ ਸੁਚੱਜੀ ਤਰ੍ਹਾਂ ਪਾਲਿਆ। ਉਨ੍ਹਾਂ ਕੋਲ਼ ਮਾਮੂਲੀ ਨੌਕਰੀ ਤੋਂ ਇਲਾਵਾ ਆਮਦਨ ਦਾ ਕੋਈ ਹੋਰ ਜ਼ਰੀਆ ਨਹੀਂ ਸੀ- ਨਾ ਜ਼ਮੀਨ-ਜਾਇਦਾਦ, ਨਾ ਘਰ-ਬਾਰ। ਆਪਣੀ ਤੀਹ ਵਰ੍ਹਿਆਂ ਦੀ ਨੌਕਰੀ ਅਤੇ ਪਿੱਛੋਂ ਮਿਲਣ ਵਾਲੀ ਪੈਨਸ਼ਨ ਵਿੱਚ ਹੀ ਉਹ ਸੰਤੁਸ਼ਟ ਰਹੇ। ਆਪਣੀ ਪੂਰੀ ਜ਼ਿੰਦਗੀ ਵਿੱਚ ਉਨ੍ਹਾਂ ਨੇ ਆਪਣਾ ਘਰ ਬਣਾਉਣ ਦਾ ਕਦੇ ਖਿਆਲ ਤੱਕ ਵੀ ਜ਼ਿਹਨ ਵਿੱਚ ਨਹੀਂ ਲਿਆਂਦਾ ਤੇ ਪੂਰੀ ਉਮਰ ਕਿਰਾਏ ਦੇ ਘਰਾਂ ਵਿਚ ਬਿਤਾ ਦਿੱਤੀ।



ਉਹ ਆਪਣੀ ਪੌਸ਼ਾਕ ਬਾਰੇ ਵੀ ਬਹੁਤ ਸੁਚੇਤ ਰਹੇ। ਸਕੂਲ ਵਿੱਚ ਸਿਰਫ ਸਾਧਾਰਨ ਕਮੀਜ਼-ਪਜਾਮਾ ਅਤੇ ਇੱਕੋ ਰੰਗ ਦੀ ਪਗੜੀ ਹੀ ਉਨ੍ਹਾਂ ਦਾ ਪਹਿਰਾਵਾ ਰਿਹਾ। ਕਿਸੇ ਵੀ ਸਮਾਗਮ ਜਾਂ ਤਿਉਹਾਰ ਦੇ ਮੌਕੇ ਵੀ ਉਨ੍ਹਾਂ ਨੇ ਕਦੇ ਪੈਂਟ-ਸ਼ਰਟ ਨਹੀਂ ਪਹਿਨੀ। ਹਾਂ, ਸਰਦੀਆਂ ਵਿਚ ਉਨ੍ਹਾਂ ਕੋਲ ਕੋਟ ਜ਼ਰੂਰ ਹੁੰਦਾ ਸੀ। ਬੂਟ ਵੀ ਇੱਕੋ ਕਿਸਮ ਦੇ, ਕਾਲੇ ਰੰਗ ਦੇ ਫੀਤਿਆਂ ਤੋਂ ਬਗ਼ੈਰ।

ਸਵਾਰੀ ਲਈ ਪਿਤਾ ਜੀ ਕੋਲ ਸਾਰੀ ਉਮਰ ਸਾਈਕਲ ਹੀ ਰਿਹਾ। ਸਕੂਟਰ/ ਮੋਟਰ ਸਾਈਕਲ ਖ਼ਰੀਦਣ ਦੀ ਨਾ ਉਨ੍ਹਾਂ ਵਿਚ ਸਮਰੱਥਾ ਸੀ, ਨਾ ਹੀ ਸ਼ੌਕ। ਜਿੱਥੋਂ ਤਕ ਸੰਭਵ ਹੋ ਸਕਿਆ, ਉਨ੍ਹਾਂ ਨੇ ਸਾਈਕਲ ਦੀ ਸਵਾਰੀ ਹੀ ਕੀਤੀ। ਆਪਣੀ ਨੌਕਰੀ ਦੌਰਾਨ ਪੰਦਰਾਂ-ਸੋਲ਼ਾਂ ਕਿਲੋਮੀਟਰ ਤੱਕ ਦਾ ਸਫਰ ਉਨ੍ਹਾਂ ਨੇ ਸਾਈਕਲ ਤੇ ਹੀ ਕੀਤਾ। ਸਾਨੂੰ ਛੋਟੇ ਤਿੰਨ ਬੱਚਿਆਂ ਨੂੰ ਉਹ ਸਾਈਕਲ ਤੇ ਲੈ ਕੇ ਬਾਜ਼ਾਰ ਜਾਂਦੇ। ਸਾਈਕਲ ਦੀ ਟੋਕਰੀ ਅਤੇ ਪਿਛਲੇ ਪਾਸੇ ਕੈਰੀਅਰ ਵੀ ਜ਼ਰੂਰ ਹੁੰਦਾ।

ਵਿਸਾਖੀ/ ਦੀਵਾਲੀ ਦੇ ਤਿਉਹਾਰਾਂ ਤੇ ਘਰ ਵਿਚ ਫਲ਼ ਤਾਂ ਆਉਂਦੇ, ਮਿਠਾਈ ਬਿਲਕੁਲ ਨਹੀਂ। ਬੱਚਿਆਂ ਦੇ ਜਨਮ-ਦਿਨਾਂ ਤੇ ਘਰ ਵਿਚ ਖੀਰ ਬਣਦੀ, ਹੋਰ ਕੁਝ ਨਹੀਂ।

ਉਨ੍ਹਾਂ ਨੂੰ ਪੜ੍ਹਨ ਦਾ ਬਹੁਤ ਸ਼ੌਕ ਰਿਹਾ। ਘਰ ਵਿੱਚ ਉਨ੍ਹਾਂ ਕੋਲ ਆਪਣੀਆਂ ਕਾਫ਼ੀ ਕਿਤਾਬਾਂ ਤੇ ਮੈਗਜ਼ੀਨ ਸਨ, ਖਾਸ ਤੌਰ ਤੇ ਧਾਰਮਕ ਜਾਂ ਸਿਹਤ ਸੰਬੰਧੀ ਵਿਸ਼ਿਆਂ ਤੇ। ਅਖ਼ਬਾਰਾਂ ਵਿੱਚੋਂ ਵੀ ਉਹ ਸਿਹਤ ਸੰਬੰਧੀ ਕਤਰਨਾਂ ਨੂੰ ਫਾਈਲਾਂ ਵਿੱਚ ਸੰਭਾਲ ਕੇ ਰੱਖਿਆ ਕਰਦੇ ਤੇ ਫਿਰ ਲੋੜ ਪੈਣ ਤੇ ਅਜਿਹੀਆਂ ਲਿਖਤਾਂ ਨੂੰ ਪੜ੍ਹਦੇ ਰਹਿੰਦੇ।

ਆਪਣੇ ਬੱਚਿਆਂ ਦੀ ਪੜ੍ਹਾਈ ਪ੍ਰਤੀ ਤਾਂ ਉਹ ਜਾਗਰੂਕ ਸਨ ਹੀ, ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਵੀ ਉਹ ਵਿਸ਼ੇਸ਼ ਰੁਚੀ ਲੈਂਦੇ ਸਨ। ਪਿਤਾ ਜੀ ਅਧਿਆਪਕ ਤਾਂ ਭਾਵੇਂ ਪੰਜਾਬੀ ਦੇ (ਸੀ ਐਂਡ ਵੀ ਟੀਚਰ) ਸਨ, ਪਰ ਉਨ੍ਹਾਂ ਨੂੰ ਗਣਿਤ ਉੱਤੇ ਪੂਰੀ ਮੁਹਾਰਤ ਹਾਸਲ ਸੀ। ਉਨ੍ਹਾਂ ਨੇ ਗਣਿਤ ਨੂੰ ਉਰਦੂ ਮਾਧਿਅਮ ਵਿੱਚ ਪੜ੍ਹਿਆ ਹੋਇਆ ਸੀ। ਬਿਨਾਂ ਟਿਊਸ਼ਨ ਤੋਂ ਘਰ ਵਿੱਚ ਸੱਦ ਕੇ ਕਮਜ਼ੋਰ ਵਿਦਿਆਰਥੀਆਂ ਨੂੰ ਪੜ੍ਹਾਉਣਾ ਵੀ ਉਨ੍ਹਾਂ ਦੇ ਰੁਟੀਨ ਵਿਚ ਸ਼ਾਮਲ ਰਿਹਾ। ਗੋਨਿਆਣਾ ਮੰਡੀ ਦੀ ਇੱਕ ਘਟਨਾ ਮੈਨੂੰ ਅਜੇ ਤੱਕ ਯਾਦ ਹੈ। ਮਨਜੀਤ ਸਿੰਘ ਗਣਿਤ ਵਿੱਚ ਕਮਜ਼ੋਰ ਸੀ ਦਸਵੀਂ ਜਮਾਤ ਵਿੱਚ। ਪਿਤਾ ਜੀ ਫਰਸ਼ ਤੇ ਗਦੈਲੇ ਵਿਛਾ ਕੇ ਪੇਪਰਾਂ ਦੇ ਦਿਨਾਂ ਵਿੱਚ ਤਿਆਰੀ ਕਰਵਾਉਂਦੇ ਸਨ ਤੇ ਅਕਸਰ



ਵਿਦਿਆਰਥੀਆਂ ਨੂੰ ਘਰੇ ਹੀ ਰੱਖ ਕੇ ਪੜ੍ਹਾਉਂਦੇ ਤੇ ਭੋਜਨ ਕਰਵਾਉਂਦੇ। ਉਦੋਂ ਹੀ ਮਨਜੀਤ ਸਿੰਘ ਦੀ ਮਾਂ ਦਾ ਦੇਹਾਂਤ ਹੋ ਗਿਆ। ਪਰ ਪਿਤਾ ਜੀ ਨੇ ਵਿਦਿਆਰਥੀ ਨੂੰ ਇਸ ਗੱਲ ਦੀ ਭਿਣਕ ਤੱਕ ਨਾ ਲੱਗਣ ਦਿੱਤੀ ਮਤੇ ਉਸ ਦੇ ਪੇਪਰਾਂ ਤੇ ਕੋਈ ਪ੍ਰਭਾਵ ਪਵੇ। ਉਨ੍ਹਾਂ ਦਾ ਦਾਇਰਾ ਘਰ ਤੋਂ ਸਕੂਲ ਤੇ ਸਕੂਲ ਤੋਂ ਘਰ ਰਿਹਾ। ਟਾਈਮ ਬਿਤਾਉਣ ਲਈ ਉਹ ਕਦੇ ਘਰੋਂ ਬਾਹਰ ਨਹੀਂ ਗਏ। ਨਾ ਉਨ੍ਹਾਂ ਨੇ ਕੋਈ ਨਸ਼ਾ ਕੀਤਾ ਤੇ ਨਾ ਕਦੇ ਤਾਸ਼/ ਜੂਆ ਖੇਡਣ ਵਿੱਚ ਕੋਈ ਦਿਲਚਸਪੀ ਲਈ। ਸਕੂਲ ਵਿੱਚ ਅਧਿਆਪਨ ਤੋਂ ਬਿਨਾਂ ਉਨ੍ਹਾਂ ਕੋਲ ਲਾਇਬਰੇਰੀ ਦਾ ਵਾਧੂ ਚਾਰਜ ਵੀ ਸੀ, ਜਿਸ ਲਈ ਉਹ ਵਧੀਆ-ਵਧੀਆ ਕਿਤਾਬਾਂ ਖਰੀਦਦੇ ਤੇ ਹਰੇਕ ਵਿਦਿਆਰਥੀ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਦੇ। ਸਾਨੂੰ ਬੱਚਿਆਂ ਨੂੰ ਵੀ ਸਿਲੇਬਸ ਦੀਆਂ ਕਿਤਾਬਾਂ ਤੋਂ ਬਿਨਾਂ ਹੋਰ ਕਿਤਾਬਾਂ ਪੜ੍ਹਨ ਦੀ ਚੇਟਕ ਸਕੂਲ ਲਾਇਬਰੇਰੀ ਤੋਂ ਹੀ ਲੱਗੀ। 'ਬਾਲੋ ਟੂਟੀ ਟੈਣੋਂ', 'ਗੁਲੀਵਰ ਦੀਆਂ ਯਾਤਰਾਵਾਂ', ਨਾਨਕ ਸਿੰਘ ਦੇ ਨਾਵਲ ਅਤੇ ਬਾਲ ਸੰਦੇਸ਼ ਵਰਗੇ ਮੈਗਜ਼ੀਨ ਮੈਂ ਸਕੂਲ ਲਾਇਬ੍ਰੇਰੀ 'ਚੋਂ ਹੀ ਲੈ ਕੇ ਪੜ੍ਹੇ ਸਨ।

ਘਰ ਵਿੱਚ ਉਨ੍ਹਾਂ ਦਾ ਬਹੁਤ ਸਖ਼ਤ ਅਨੁਸ਼ਾਸਨ ਹੁੰਦਾ ਸੀ। ਬੱਚਿਆਂ ਵੱਲੋਂ ਕੀਤੀਆਂ ਛੋਟੀਆਂ-ਛੋਟੀਆਂ ਸ਼ਰਾਰਤਾਂ ਲਈ ਉਹ ਸਖ਼ਤ ਸਜ਼ਾਵਾਂ ਦਿੰਦੇ ਸਨ, ਤਾਂ ਕਿ ਦੁਬਾਰਾ ਉਹ ਗਲਤੀ ਨਾ ਹੋਵੇ। ਅਜਿਹੀ ਇੱਕ ਘਟਨਾ ਹੈ- ਅਸੀਂ ਗੋਨਿਆਣਾ ਮੰਡੀ ਵਿੱਚ ਕਿਰਾਏ ਦੇ ਘਰ ਵਿੱਚ ਚੁਬਾਰੇ ਤੇ ਰਹਿੰਦੇ ਸਾਂ। ਹੇਠਾਂ ਉਤਰ ਕੇ ਮਕਾਨ-ਮਾਲਕ ਦੇ ਘਰੋਂ ਤੇ ਦੂਜੇ ਪਾਸਿਓਂ ਵੀ ਬਾਹਰ ਜਾਇਆ ਜਾ ਸਕਦਾ ਸੀ। ਮਕਾਨ-ਮਾਲਕ ਦੇ ਘਰ ਦੀਆਂ ਪੌੜੀਆਂ ਦੇ ਇੱਕ ਪਾਸੇ ਤਾਂ ਵੱਡੀ ਉੱਚੀ ਕੰਧ ਸੀ ਤੇ ਦੂਜੇ ਪਾਸੇ ਦੋ ਤਿੰਨ ਫੁੱਟ ਉੱਚੀ ਕੰਧ। ਮੈਂ ਛੋਟਾ ਸਾਂ ਤੇ ਕਦੇ-ਕਦੇ ਪਿਤਾ ਦੀ ਗ਼ੈਰਹਾਜ਼ਰੀ ਵਿੱਚ ਨਿੱਕੀ-ਮੋਟੀ ਸ਼ਰਾਰਤ ਕਰ ਲੈਂਦਾ ਸਾਂ। ਪਿਤਾ ਜੀ ਉਸ ਦਿਨ ਘਰ ਨਹੀਂ ਸਨ। ਮੈਂ ਤਿੰਨ ਫੁੱਟੀ ਕੰਧ ਤੇ ਚੜ੍ਹ ਗਿਆ ਤੇ ਪਤਲੀ ਕੰਧ ਤੇ ਤੁਰਦਾ ਹੋਇਆ ਚਹਿਲਕਦਮੀ ਕਰਦਾ ਅਤੇ ਫਿਰ ਉਤਰ ਕੇ ਦੁਬਾਰਾ ਚੜ੍ਹ ਜਾਂਦਾ। ਮਾਤਾ ਜੀ ਨੇ ਅਜਿਹਾ ਕਰਨ ਤੋਂ ਵਰਜਿਆ ਤੇ ਸੱਟ-ਫੇਟ ਲੱਗਣ ਤੋਂ ਖ਼ਬਰਦਾਰ ਕੀਤਾ। ਸ਼ਾਮੀਂ ਜਦੋਂ ਪਿਤਾ ਜੀ ਆਏ, ਤਾਂ ਮੇਰੀ ਸ਼ਰਾਰਤ ਬਾਰੇ ਦੱਸਿਆ। ਜਿਸ ਤੋਂ ਗੁੱਸੇ ਹੋ ਕੇ ਪਿਤਾ ਜੀ ਨੇ ਮੈਨੂੰ ਵੱਟ ਕੇ ਚਪੇੜ ਮਾਰੀ ਤਾਂ ਕਿ ਮੈਨੂੰ ਇਹ ਗ਼ਲਤੀ ਯਾਦ ਰਹੇ। ਮੈਂ ਅਗਲੇ ਹੀ ਦਿਨ ਚਾਕ ਨਾਲ ਕੰਧ ਉੱਤੇ ਲਿਖ ਦਿੱਤਾ- "ਇਸ ਕੰਧ ਉੱਤੇ ਚੜ੍ਹਨ ਵਾਲੇ ਦੇ ਥੱਪੜ ਵੱਜਦੇ ਹਨ...।" ਮੁੜ ਕੇ ਉਹ ਗ਼ਲਤੀ ਮੈਂ ਕਦੇ ਨਹੀਂ ਦੁਹਰਾਈ।

ਬੱਚੇ ਕੀ ਪੜ੍ਹਦੇ ਹਨ- ਇਸ ਬਾਰੇ ਵੀ ਪਿਤਾ ਜੀ ਪੂਰੀ ਤਰ੍ਹਾਂ ਸੁਚੇਤ ਰਹਿੰਦੇ। ਮੈਨੂੰ ਜੋ ਅਧਿਆਪਕ ਪੰਜਾਬੀ ਤੇ ਅੰਗਰੇਜ਼ੀ ਪੜ੍ਹਾਉਂਦੇ ਹਨ, ਉਨ੍ਹਾਂ ਦੀਆਂ ਗਲਤੀਆਂ ਬਾਰੇ ਅਧਿਆਪਕਾਂ ਨੂੰ ਜਾਣੂ ਕਰਵਾਉਂਦੇ ਰਹਿੰਦੇ। ਮੈਨੂੰ ਛੇਵੀਂ ਜਮਾਤ ਵਿੱਚ ਅੰਗਰੇਜ਼ੀ ਦੇ ਅਧਿਆਪਕ ਵੱਲੋਂ 'ਬ੍ਰਸਟੀ ਕ੍ਰੋਅ' ਕਹਾਣੀ ਵਿਚ ਲਿਖਵਾਇਆ ਗਿਆ- "ਹੀ ਸਕੁਐਂਚਡ ਹਿਜ਼ ਥ੍ਰੱਸਟ ਐਂਡ ਫਲੂ ਅਵੇਅ।" ਪਿਤਾ ਜੀ ਨੇ ਪਹਿਲਾਂ ਤਾਂ ਮੇਰੀ ਗਲਤੀ ਠੀਕ ਕੀਤੀ ਫਿਰ ਅਧਿਆਪਕ ਨੂੰ ਸਮਝਾਇਆ ਕਿ 'ਸਕੁਐਂਚਡ' ਸ਼ਬਦ ਨਹੀਂ ਹੁੰਦਾ, 'ਕੁਐਂਚਡ' ਹੁੰਦਾ ਹੈ। ਇਵੇਂ ਹੀ ਪੰਜਾਬੀ ਦੇ ਅਧਿਆਪਕ ਨੇ ਪ੍ਰੋ ਮੋਹਨ ਸਿੰਘ ਦੀ ਕਵਿਤਾ ਪੜ੍ਹਾਉਂਦਿਆਂ ਉਸ ਵਿਚਲੀ ਇਕ ਪੰਕਤੀ "ਅਸੀਂ ਕੁਣਕੇ ਖਾਧੇ ਰੱਜ ਕੇ" ਦੀ ਥਾਂ "ਅਸਾਂ ਕਣਕਾਂ ਖਾਧੀਆਂ ਰੱਜ ਕੇ" ਪੜ੍ਹਾਇਆ, ਤਾਂ ਪਿਤਾ ਜੀ ਨੇ ਉਹਨੂੰ ਸਮਝਾਇਆ ਕਿ ਇਹ ਸ਼ਬਦ "ਕੁਣਕੇ" ਹੀ ਹੈ, ਜਿਸ ਦਾ ਅਰਥ ਪ੍ਰਸ਼ਾਦ ਹੁੰਦਾ ਹੈ।

ਉਨ੍ਹਾਂ ਦਿਨਾਂ ਵਿਚ ਦੁਕਾਨਦਾਰਾਂ ਵੱਲੋਂ ਸਬਜ਼ੀ ਜਾਂ ਫਲ ਲਈ ਖਾਕੀ ਲਿਫਾਫੇ ਦਿੱਤੇ ਜਾਂਦੇ ਸਨ, ਅੱਜ ਵਾਂਗ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਹੀਂ ਸੀ ਹੁੰਦੀ। ਪਿਤਾ ਜੀ ਉਹ ਖ਼ਾਕੀ ਲਿਫ਼ਾਫ਼ੇ ਠੀਕ ਤਰਾਂ ਸਿੱਧੇ ਕਰਦੇ ਤੇ ਸਾਡੀਆਂ ਕਿਤਾਬਾਂ/ ਕਾਪੀਆਂ ਉੱਤੇ ਕਵਰ ਵਜੋਂ ਚੜ੍ਹਾਉਂਦੇ। ਉਨ੍ਹਾਂ ਦੇ ਚੜ੍ਹਾਏ ਕਵਰ ਵੱਖਰੀ ਕਿਸਮ ਦੇ ਹੁੰਦੇ ਸਨ, ਜਿਸ ਦੀ ਨਕਲ ਕਰਕੇ ਮੈਂ ਵੀ ਆਪਣੀ ਬੇਟੀ ਦੀਆਂ ਕਿਤਾਬਾਂ/ ਕਾਪੀਆਂ ਤੇ ਉਹੋ ਜਿਹੇ ਕਵਰ ਚੜ੍ਹਾਉਂਦਾ ਰਿਹਾ ਹਾਂ।

ਇਹ ਸਹੀ ਹੈ ਕਿ ਕਿਸੇ ਵਿਅਕਤੀ/ ਚੀਜ਼ ਦੀ ਮਹੱਤਤਾ ਦਾ ਗਿਆਨ ਸਾਨੂੰ ਉਦੋਂ ਹੀ ਹੁੰਦਾ ਹੈ, ਜਦੋਂ ਉਹ ਸਾਡੇ ਕੋਲ ਨਾ ਰਹੇ। ਇਵੇਂ ਹੀ ਬਚਪਨ ਤੋਂ ਜੀਵਨ ਦੇ ਅੰਤ ਤਕ ਸਖ਼ਤ ਮਿਹਨਤ, ਸੰਘਰਸ਼ ਤੇ ਹਮੇਸ਼ਾ ਕੁਝ ਨਾ ਕੁਝ ਸਾਰਥਕ/ ਉਪਯੋਗੀ ਕਰਦੇ ਰਹਿਣ ਵਾਲੇ ਪਿਤਾ ਜੀ ਦੇ ਗਿਆਨ, ਸਿਆਣਪ, ਸਾਦਗੀ ਤੋਂ ਮਹਿਰੂਮ ਹੋ ਕੇ ਮੈਂ ਖ਼ੁਦ ਨੂੰ ਅੱਜ ਬੇਸਹਾਰਾ ਮਹਿਸੂਸ ਕਰ ਰਿਹਾ ਹਾਂ। ਪਰ ਉਨ੍ਹਾਂ ਦਾ ਗਿਆਨ/ ਉਪਦੇਸ਼ ਸਦਾ ਮੇਰੇ ਅੰਗਸੰਗ ਹੈ, ਜਿਸ ਕਰਕੇ ਕਾਲੇ ਹਨੇਰਿਆਂ ਵਿਚ ਵੀ ਪਿਤਾ ਜੀ ਦੇ ਗਿਆਨ- ਚਿਰਾਗ ਦੀ ਲੋਅ ਮੇਰਾ ਮਾਰਗ ਰੁਸ਼ਨਾਉਂਦੀ ਰਹਿੰਦੀ ਹੈ।

**ਪ੍ਰੋ. ਨਵ ਸੰਗੀਤ ਸਿੰਘ**